# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times    24 ਦਸੰਬਰ 2025 ਦਿਨ ਬੁੱਧਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮੇਅਰ ਨੇ ਹਜ਼ੂਰਾ ਕਪੂਰਾ ਕਲੋਨੀ ਵਿੱਚ 45 ਲੱਖ ਰੁਪਏ ਦੀ ਲਾਗਤ ਨਾਲ ਆਮ ਆਦਮੀ ਕਲੀਨਿਕ ਦਾ ਰੱਖਿਆ ਨੀਂਹ ਪੱਥਰ

### 2-3 ਮਹੀਨਿਆਂ ਵਿੱਚ ਸਿਹਤ ਸੇਵਾਵਾਂ ਹੋਣਗੀਆਂ ਸ਼ੁਰੂ, 'ਆਪ' ਦੀ ਮਾਨ ਸਰਕਾਰ ਰੰਗਲਾ ਪੰਜਾਬ ਬਣਾਉਣ ਲਈ ਕਰ ਰਹੀ ਹੈ ਕੰਮ: ਪਦਮਜੀਤ ਸਿੰਘ ਮਹਿਤਾ

ਵਰਲਡ ਪੰਜਾਬੀ ਟਾਈਮਜ਼ — ਗੁਰਪ੍ਰੀਤ ਚਹਿਲ





ਬਠਿੰਡਾ 24 ਦਸੰਬਰ : ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਮੈਡਮ ਬਲਜੀਤ ਕੌਰ ਸਿੱਧੂ ਦੇ ਵਾਰਡ ਨੰਬਰ 3 ਵਿੱਚ ਸਥਿਤ ਹਜ਼ੂਰਾ ਕਪੂਰਾ ਕਲੋਨੀ ਵਿੱਚ ਕਮਿਊਨਿਟੀ ਹਾਲ ਦੇ ਨੇੜੇ, ਲਗਭਗ 45 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਆਮ ਆਦਮੀ ਕਲੀਨਿਕ ਦਾ ਰਸਮੀ ਤੌਰ 'ਤੇ ਨੀਂਹ ਪੱਥਰ ਰੱਖਿਆ। ਇਸ ਮੌਕੇ ਕੌਂਸਲਰ ਮੈਡਮ ਬਲਜੀਤ ਕੌਰ ਸਿੱਧੂ, ਸਾਬਕਾ ਕੌਂਸਲਰ ਸ੍ਰੀ ਰਜਿੰਦਰ ਸਿੰਘ ਸਿੱਧੂ, ਸ੍ਰੀ ਗੁਰਮੇਲ ਸਿੰਘ ਬਰਾੜ, ਸ੍ਰੀ ਜਗਤਾਰ ਸਿੰਘ ਖਾਲਸਾ, ਸ੍ਰੀ ਭੋਲਾ ਸਿੰਘ ਮਲੂਕਾ, ਸ੍ਰੀ ਗੁਰਭਜਨ ਸਿੰਘ ਖਜ਼ਾਨਚੀ, ਸ੍ਰੀ ਕੁਲਵੰਤ ਸਿੰਘ ਬਰਾੜ, ਸ੍ਰੀ ਗੁਰਤੇਜ ਸਿੰਘ ਕੰਡਿਆਰਾ, ਸ੍ਰੀਮਤੀ ਸੁਖਪਾਲ ਕੌਰ, ਸ੍ਰੀਮਤੀ ਪਰਮਜੀਤ ਕੌਰ, ਸ੍ਰੀਮਤੀ ਚਰਨਜੀਤ ਕੌਰ, ਸ੍ਰੀ ਗਿਆਨ ਸਿੰਘ ਬਰਾੜ, ਸ੍ਰੀ ਗੁਰਪਿਆਰ ਸਿੰਘ, ਮਾਸਟਰ ਰਾਮ ਸਿੰਘ, ਸ੍ਰੀ ਬੰਤ ਸਿੰਘ, ਸ੍ਰੀ ਬਲਦੇਵ ਸਿੰਘ, ਸ੍ਰੀਮਤੀ ਹਰਪਿੰਦਰ ਕੌਰ, ਸ੍ਰੀ ਬਲਵੰਤ ਸਿੰਘ, ਸ੍ਰੀ ਸੋਨੂੰ, ਸ੍ਰੀ ਬੋਘਾ ਸਿੰਘ, ਸ੍ਰੀ ਦਰਸ਼ਨ ਸਿੰਘ, ਸ੍ਰੀ ਹਰਪਾਲ ਸਿੰਘ, ਸ੍ਰੀ ਸੁਖਵਿੰਦਰ ਸਿੰਘ ਕਿੱਲੀ, ਸ੍ਰੀ ਗੁਰਚਰਨ ਸਿੰਘ, ਸ੍ਰੀ ਰਿਸ਼ੀ ਸ਼ਰਮਾ, ਸ੍ਰੀ ਲਾਲ ਸਿੰਘ, ਸ੍ਰੀ ਚਿਮਨ ਲਾਲ, ਸ੍ਰੀ ਜਗਦੀਸ਼ ਸਿੰਘ, ਸ੍ਰੀ ਕੁਲਵੰਤ ਸਿੰਘ ਮਿਸਤਰੀ, ਸ੍ਰੀ ਹਰਬੰਸ ਸਿੰਘ ਤੂਰ, ਸ੍ਰੀ ਮੇਜਰ ਸਿੰਘ, ਸ੍ਰੀ ਪਾਲ ਸਿੰਘ, ਸ੍ਰੀ ਸੀਤਾ ਸਿੰਘ, ਸ੍ਰੀ ਰਘੁਵੀਰ ਸਿੰਘ ਰਾਜੂ, ਸ੍ਰੀ ਕੇਵਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ, ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਦੀਆਂ ਬੀਬੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਮੌਜੂਦ ਰਹੇ। ਸਮਾਰੋਹ ਦੌਰਾਨ ਇਲਾਕਾ ਨਿਵਾਸੀਆਂ ਨੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੂੰ ਹਾਰ ਪਹਿਨਾ ਕੇ, ਸਿਰੋਪਾ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ।

ਨੀਂਹ ਪੱਥਰ ਸਮਾਗਮ ਦੌਰਾਨ ਵਾਰਡ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਨਸ਼ਾ ਖ਼ਤਮ ਕਰਨ ਲਈ ਸ਼ੁਰੂ ਕੀਤੀ ਗਈ "ਯੁੱਧ ਨਸ਼ਾ ਵਿਰੋਧੀ" ਮੁਹਿੰਮ ਤਹਿਤ ਆਯੋਜਿਤ ਇੱਕ ਪ੍ਰੋਗ੍ਰਾਮ ਦੌਰਾਨ, ਵਾਰਡ ਦੇ ਬਜ਼ੁਰਗਾਂ ਨੇ ਬਿਹਤਰ ਸਿਹਤ ਸੰਭਾਲ ਲਈ ਆਮ ਆਦਮੀ ਕਲੀਨਿਕ ਬਣਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਜਨਤਕ ਮੰਗ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਅੱਜ ਕਲੀਨਿਕ ਦਾ ਨੀਂਹ ਪੱਥਰ ਰੱਖਿਆ ਗਿਆ ਹੈ।

ਮੇਅਰ ਨੇ ਕਿਹਾ ਕਿ ਅਗਲੇ ਦੋ ਤੋਂ ਤਿੰਨ ਮਹੀਨਿਆਂ ਦੇ ਅੰਦਰ, ਇਹ ਆਮ ਆਦਮੀ ਕਲੀਨਿਕ ਪੂਰੀ ਤਰ੍ਹਾਂ ਪੂਰਾ ਹੋ ਜਾਵੇਗਾ ਅਤੇ ਇਲਾਕੇ ਦੇ ਲੋਕਾਂ ਨੂੰ ਬਿਹਤਰ ਅਤੇ ਪਹੁੰਚਯੋਗ ਸਿਹਤ ਸੰਭਾਲ ਪ੍ਰਦਾਨ ਕਰਨਾ ਸ਼ੁਰੂ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਟੀਚਾ ਪੰਜਾਬ ਦੇ ਹਰ ਨਾਗਰਿਕ ਨੂੰ ਖੁਸ਼ਹਾਲ ਬਣਾ ਕੇ "ਰੰਗਲਾ ਪੰਜਾਬ" ਬਣਾਉਣਾ ਹੈ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, ਬਠਿੰਡਾ ਨੂੰ ਇੱਕ ਖੁਸ਼ਹਾਲ ਬਠਿੰਡਾ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ।

## ਐਨਐਸਐਸ ਸੱਤ ਰੋਜ਼ਾ ਕੈਂਪ ਦਾ ਸਮਾਪਤੀ ਸਮਾਰੋਹ ਉਤਸ਼ਾਹ ਨਾਲ ਸੰਪੰਨ

ਵਰਲਡ ਪੰਜਾਬੀ ਟਾਈਮਜ਼ — ਬਲਵਿੰਦਰ 'ਬਾਲਮ' ਗੁਰਦਾਸਪੁਰ



ਪੰਡਿਤ ਮੋਹਨ ਲਾਲ ਐਸ.ਡੀ. ਕਾਲਜ ਫਾਰ ਵੂਮੈਨ, ਗੁਰਦਾਸਪੁਰ ਦੇ ਐਨਐਸਐਸ ਯੂਨਿਟ ਵੱਲੋਂ ਪਿੰਡ ਰਾਵਲ ਗਾਦੜੀਆ ਵਿੱਚ ਕਾਲਜ ਪ੍ਰਿੰਸੀਪਲ ਡਾ. ਨੀਰੂ ਸ਼ਰਮਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਲਗਾਇਆ ਗਿਆ ,ਸੱਤ ਰੋਜ਼ਾ ਕੈਂਪ ਬੜੇ ਉਤਸ਼ਾਹ, ਅਨੁਸ਼ਾਸਨ ਅਤੇ ਸਮਾਜਿਕ ਸੇਵਾ ਦੀ ਭਾਵਨਾ ਨਾਲ ਸਫਲਤਾਪੂਰਵਕ ਸੰਪੰਨ ਹੋਇਆ। ਪ੍ਰਿੰਸੀਪਲ ਮੈਡਮ ਨੇ ਕਿਹਾ ਕਿ ਕੈਂਪ ਦਾ ਮੁੱਖ ਉਦੇਸ਼ ਵਿਦਿਆਰਥਣਾਂ ਵਿੱਚ ਸਮਾਜਿਕ ਜ਼ਿੰਮੇਵਾਰੀ, ਸੇਵਾ ਭਾਵਨਾ ਅਤੇ ਅਗਵਾਈ ਕਰਤਾ ਦੇ ਗੁਣਾਂ ਦਾ ਵਿਕਾਸ ਕਰਨਾ ਸੀ। ਕੈਂਪ ਦੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਲੇਖਕ ਅਤੇ ਪੱਤਰਕਾਰ ਸ. ਬਲਵਿੰਦਰ ਬਾਲਮ ਜੀ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਵਿੱਚ ਮੁੱਖ ਮਹਿਮਾਨ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆ ਕਿਹਾ ਗਿਆ ਅਤੇ ਉਸ ਤੋਂ ਬਾਅਦ ਜੋਤੀ ਪ੍ਰਜਵਲਿਤ ਕੀਤੀ ਗਈ, ਜੋ ਗਿਆਨ, ਜਾਗਰੂਕਤਾ ਅਤੇ ਰਾਸ਼ਟਰੀ ਚੇਤਨਾ ਦੀ ਪ੍ਰਤੀਕ ਹੈ। ਇਸ ਉਪਰੰਤ ਐਨਐਸਐਸ ਪ੍ਰੋਗਰਾਮ ਅਫ਼ਸਰ ਡਾ. ਸੁਖਵਿੰਦਰ ਕੌਰ ਵੱਲੋਂ ਮੁੱਖ ਮਹਿਮਾਨ ਸ. ਬਲਵਿੰਦਰ ਬਾਲਮ ਜੀ ਦੀਆਂ ਅਕਾਦਮਿਕ, ਸਾਹਿਤਕ ਅਤੇ ਪੱਤਰਕਾਰਤਾ ਖੇਤਰ ਨਾਲ ਸੰਬੰਧਿਤ ਵਿਸ਼ਾਲ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਕਿ ਸ. ਬਲਵਿੰਦਰ ਬਾਲਮ ਜੀ ਨੇ ਲੇਖਨ ਅਤੇ ਪੱਤਰਕਾਰਤਾ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਉਹ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਇਸ ਤੋਂ ਬਾਅਦ ਐਨਐਸਐਸ ਪ੍ਰੋਗਰਾਮ ਅਫ਼ਸਰ ਮਿਸਿਜ਼ ਸਮਿਤਾ ਖਜੂਰੀਆ ਵੱਲੋਂ ਪੀਪੀਟੀ ਰਾਹੀਂ ਸੱਤ ਰੋਜ਼ਾ ਕੈਂਪ ਦੌਰਾਨ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਦੀ ਵਿਸਤ੍ਰਿਤ ਝਲਕ ਪੇਸ਼ ਕੀਤੀ ਗਈ। ਇਸ ਪ੍ਰਜ਼ੈਂਟੇਸ਼ਨ ਵਿੱਚ ਸਫ਼ਾਈ ਅਭਿਆਨ, ਵਾਤਾਵਰਣ ਸੁਰੱਖਿਅਤ, ਪੌਦਾ ਰੋਪਣ, ਸਮਾਜਿਕ ਜਾਗਰੂਕਤਾ ਸੰਬੰਧੀ ਰੈਲੀ,ਚੇਜ ਮੇਕਰ ਈਵੈਂਟ',ਈਚ ਵਨ ਟੀਚ ਵਨ ਪ੍ਰੋਗਰਾਮ, ਪੌਦਾ ਤਿਆਰੀ ਸਬੰਧੀ ਵਰਕਸ਼ਾਪ, ਲੈਕਚਰ ਸੀਰੀਜ਼ ਵਿੱਚ ਪਹਿਲਾਂ ਲੈਕਚਰ ਸਾਇਬਰ ਅਪਰਾਧ ਜਾਗਰੂਕਤਾ ਅਤੇ ਸੁਰੱਖਿਅਤ ਇੰਟਰਨੈੱਟ ਪ੍ਰਥਾਵਾਂ, ਦੂਸਰਾ ਲੈਕਚਰ ਸੀਜ਼ਨ ਅਨੁਸਾਰ ਨਰਸਰੀ ਇਨੋਵੇਸ਼ਨ ਅਤੇ ਤੀਸਰਾ ਲੈਕਚਰ ਐਕਸਪ੍ਰੈਸ ਡਿਬੇਟ ਅਤੇ ਇਸ ਤੋਂ ਇਲਾਵਾ ਵਲੰਟੀਅਰਜ਼ ਵੱਲੋਂ ਕੀਤੇ ਗਏ ਸਮਾਜ ਸੇਵਾ ਕਾਰਜ ਦਰਸਾਏ ਗਏ। ਆਪਣੇ ਪ੍ਰੇਰਕ ਸੰਬੋਧਨ ਦੌਰਾਨ ਮੁੱਖ ਮਹਿਮਾਨ ਸ. ਬਲਵਿੰਦਰ ਬਾਲਮ ਜੀ ਨੇ ਵਲੰਟੀਅਰਜ਼ ਨੂੰ ਆਪਣੇ ਚਰਿੱਤਰ ਨੂੰ ਸੰਵਾਰਨ, ਲਗਨ ਅਤੇ ਮਿਹਨਤ ਨਾਲ ਅਧਿਐਨ ਕਰਨ ਅਤੇ ਜੀਵਨ ਵਿੱਚ ਆਪਣੀ ਮਿੱਥੀ ਮੰਜ਼ਿਲ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਆਪਣੇ ਮਾਪਿਆਂ ਦੇ ਆਗਿਆਕਾਰ ਬਣਨ, ਕਿਸੇ ਦੀ ਸ਼ੋਹਰਤ ਦੇ ਪਿੱਛੇ ਅੰਨ੍ਹੇ ਹੋ ਕੇ ਆਪਣਾ ਕੀਮਤੀ ਕਰੀਅਰ ਖ਼ਰਾਬ ਨਾ ਕਰਨ ਅਤੇ ਸਹੀ ਮਾਰਗ ਦੀ ਚੋਣ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਪ੍ਰਿੰਸੀਪਲ ਡਾ. ਨੀਰੂ ਸ਼ਰਮਾ ਜੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਐਨਐਸਐਸ ਸੱਤ ਰੋਜ਼ਾ ਕੈਂਪ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਭਕਾਰੀ ਸਾਬਤ ਹੁੰਦਾ ਹੈ। ਉਨ੍ਹਾਂ ਨੇ ਵਲੰਟੀਅਰਜ਼ ਅਤੇ ਪ੍ਰੋਗਰਾਮ ਅਫ਼ਸਰਾਂ ਵੱਲੋਂ ਕੀਤੀ ਗਈ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥਣਾਂ ਨੂੰ ਸਮਾਜ ਸੇਵਾ ਦੇ ਕੰਮਾਂ ਵਿੱਚ ਹਮੇਸ਼ਾਂ ਅੱਗੇ ਰਹਿਣ ਲਈ ਪ੍ਰੇਰਿਤ ਕੀਤਾ। ਸਮਾਪਤੀ ਸਮਾਰੋਹ ਦੀ ਸਫਲਤਾ ਵਿੱਚ ਐਨਐਸਐਸ ਪ੍ਰੋਗਰਾਮ ਅਫ਼ਸਰ ਡਾ. ਸੁਖਵਿੰਦਰ ਕੌਰ, ਮਿਸਿਜ਼ ਸਮਿਤਾ ਖਜੂਰੀਆ ਅਤੇ ਮਿਸਿਜ਼ ਸਾਕਸ਼ੀ ਸੈਣੀ ਦੀ ਸੁਚੱਜੀ ਯੋਜਨਾ, ਲਗਾਤਾਰ ਮਾਰਗਦਰਸ਼ਨ ਅਤੇ ਸਮਰਪਿਤ ਸੇਵਾ ਨੇ ਮਹੱਤਵਪੂਰਣ ਭੂਮਿਕਾ ਨਿਭਾਈ। ਸਮਾਰੋਹ ਦੇ ਅੰਤ ਵਿੱਚ ਮੁੱਖ ਮਹਿਮਾਨ ਸ. ਬਲਵਿੰਦਰ ਬਾਲਮ ਜੀ ਨੂੰ ਕਾਲਜ ਵਲੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਆਭਾਰ ਜਿਤਾਇਆ ਅਤੇ ਧੰਨਵਾਦ ਕਰਦਿਆਂ ਕੈਂਪ ਦੀ ਸਫਲ ਸਮਾਪਤੀ ਦੀ ਘੋਸ਼ਣਾ ਕੀਤੀ ਗਈ।

## "ਵਾਹਿਗੁਰੂ ਵਾਹਿਗੁਰੂ ਵਾਹਿਗੁਰੂ*




ਕਾਲੀ ਬੋਲੀ ਰਾਤ , ਉੱਤੋਂ
ਪੋਹ ਦਾ ਮਹੀਨਾ ਸੀ।
ਠੰਡੀ ਠੰਡੀ ਸੀਤ ਹਵਾ,
ਠਾਰੀ ਜਾਂਦੀ ਸੀਨਾ ਸੀ।
ਵਾਹਿਗੁਰੂ
ਨਿੱਕੀਆਂ ਮਾਸੂਮ ਜਿੰਦਾਂ,
ਨਾਲ ਦਾਦੀ ਮਾਂ ਸੀ।
ਅਣਜਾਣੇ ਰਾਹ ਸੀ, ਨਾ
ਸੁਰੱਖਿਅਤ ਕੋਈ ਥਾਂ ਸੀ।
ਵਾਹਿਗੁਰੂ
ਥੱਕ ਕੇ ਥਕਾਵੇਂ ਨਾਲ,
ਹੋਏ ਚੂਰ ਚੂਰ ਸੀ,
ਦਾਦੀ ਮਾਂ ਨੂੰ ਪੁੱਛਦੇ ਸੀ,
"ਵਾਟ ਕਿੰਨੀ ਦੂਰ ਸੀ?"
ਵਾਹਿਗੁਰੂ
ਪੈਰੋਂ ਨੰਗੇ, ਚੋਲੇ ਪਾਟੇ,
ਭੁੱਖ ਵੀ ਸਤਾਉਂਦੀ ਸੀ।
ਕੋਮਲ ਸੀ ਬਾਲ,ਵਾਟ
ਮੁੱਕਣ 'ਚ ਨਾ ਆਉਂਦੀ ਸੀ।
ਵਾਹਿਗੁਰੂ
ਸੋਚੋ! ਉਸ ਵੇਲੇ ਲਾਲਾਂ
ਨਾਲ ਕੀ ਸੀ ਬੀਤ ਦੀ।
ਮਿਸਾਲ ਕਾਇਮ ਕੀਤੀ ਉਹਨਾਂ
ਧਰਮ-ਪ੍ਰੀਤ ਦੀ।
ਵਾਹਿਗੁਰੂ
ਜ਼ੋਰਾਵਰ, ਫਤਿਹ ਸਿੰਘ,
ਗੁਜਰੀ ਦੇ ਪੋਤੇ ਨੇ।
ਵੇਖਦਾ ਜਹਾਨ 'ਪੱਤੋ',
ਨੀਂਹਾਂ 'ਚ ਖੜ੍ਹੋਤੇ ਨੇ।

ਵਰਲਡ ਪੰਜਾਬੀ ਟਾਈਮਜ਼ — ਹਰਪ੍ਰੀਤ ਪੱਤੋ

ਬੋਲੇ ਸੋ ਨਿਹਾਲ*
*ਸਤਿ ਸ੍ਰੀ ਅਕਾਲ

## ਰੌਸ਼ਨ ਜ਼ੁਬਾਨ ਜਦੋਂ ਹੋਈ ਬੇ-ਲਗਾਮ

ਵਰਲਡ ਪੰਜਾਬੀ ਟਾਈਮਜ਼ — ਰਸ਼ਪਿੰਦਰ ਕੌਰ ਗਿੱਲ



ਰਸ਼ਪਿੰਦਰ ਕੌਰ ਗਿੱਲ- ਸਿਆਸਤ ਵਿੱਚ ਰੌਸ਼ਨ ਜ਼ੁਬਾਨ ਹੋਈ। ਖੁਦ ਨੂੰ ਕੌਮ ਦਾ ਦਰਦੀ ਅਤੇ ਪੰਥ ਦਾ ਸੇਵਾਦਾਰ ਦੱਸਣ ਵਾਲਾ ਰੌਸ਼ਨ ਜ਼ੁਬਾਨ ਮਰਦ ਆਪਣੇ ਚਿੱਟੇ ਲਿਬਾਸ ਪਿੱਛੇ ਆਪਣੀ ਰੌਸ਼ਨ ਜ਼ੁਬਾਨ ਨਾ ਲੁਕਾ ਪਾਇਆ ਅਤੇ ਉਸਦੀ ਅਸਲਿਅਤ ਉਸ ਸਮੇਂ ਸਾਹਮਣੇ ਆ ਗਈ ਜਦੋਂ ਉਸਨੇ ਆਪਣੀ ਹੀ ਸਿਆਸੀ ਪਾਰਟੀ ਦੀ ਇੱਕ ਮਹਿਲਾ ਅਹੁੱਦੇਦਾਰ ਨੂੰ ਆਪਣੀ ਰੌਸ਼ਨ ਜ਼ੁਬਾਨ ਨਾਲ ਨਿਸ਼ਾਨਾ ਬਣਾਇਆ। ਕਾਰਨ ਸਿਰਫ ਇਹ ਸਾਹਮਣੇ ਆਇਆ ਕਿ ਉਹ ਮਹਿਲਾ ਅਹੁੱਦੇਦਾਰ ਆਪਣੇ ਰੁਤਬੇ ਦੇ ਮੁਤਾਬਿਕ ਇਮਾਨਦਾਰੀ ਨਾਲ ਪਾਰਟੀ ਦਾ ਕੰਮ ਕਰ ਰਹੀ ਹੈ। ਜੋ ਕਿ ਰੌਸ਼ਨ ਜ਼ੁਬਾਨ ਮਰਦ ਨੂੰ ਹਰ ਸਮੇਂ ਖੱਟਕਦਾ ਹੈ। ਕਿਉਂਕਿ ਕੌਮ ਅਤੇ ਪੰਥ ਵੱਲੋਂ ਮਿਲੇ ਸਤਿਕਾਰ ਭਾਵਨਾ ਨੇ ਰੌਸ਼ਨ ਜ਼ੁਬਾਨ ਮਰਦ ਨੂੰ ਅਹੰਕਾਰ ਦੇ ਚਨੇ ਦੇ ਝਾੜ ਉੱਪਰ ਇਸ ਕਦਰ ਚੜ੍ਹਾ ਦਿੱਤਾ ਹੈ ਕਿ ਉਹ ਹੁਣ ਹਰ ਕਿਸੇ ਨੂੰ ਹੀਣ ਭਾਵਨਾ ਨਾਲ ਦੇਖਦਾ ਹੈ ਅਤੇ ਖੁਦ ਨੂੰ ਪੰਥਕ ਸਫ਼ਾ ਵਿੱਚ ਉੱਚ ਅਹੁੱਦੇ 'ਤੇ ਮੰਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦ ਕਿ ਉਸਦੀ ਬੋਲਚਾਲ, ਉਸਦਾ ਵਿਹਾਰ ਉਸਨੂੰ ਕੌਮ ਅਤੇ ਪੰਥ ਦਾ ਦੋਖੀ ਸਾਬਿਤ ਕਰ ਰਹੇ ਹਨ। ਇਨਸਾਨ ਜਿੰਨਾਂ ਮਰਜੀ ਆਪਣੀ ਅੰਦਰਲੀ ਸੋਚ ਨੂੰ ਲੋਕਾਂ ਤੋਂ ਲੁਕਾ ਕੇ ਰੱਖੇ ਪਰ ਉਸਦੀ ਅਸਲਿਅਤ ਇੱਕ ਨਾ ਇੱਕ ਦਿਨ ਉਜਾਗਰ ਜਰੂਰ ਹੁੰਦੀ ਹੈ। ਇਸੇ ਤਰਾਂ ਰੌਸ਼ਨ ਜ਼ੁਬਾਨ ਦੀ ਸੱਚਾਈ ਦੱਸੇ ਬਿਨਾਂ ਮੇਰੀ ਕਲਮ ਰਹਿ ਹੀ ਨਹੀਂ ਸਕਦੀ। ਮੇਰੀ ਕਲਮ ਜੋ ਬਿਆਨ ਕਰਨ ਜਾ ਰਹੀ ਹੈ ਸੱਚੀ ਘਟਨਾ ਤੇ ਅਧਾਰਿਤ ਹੈ। ਚਿੱਟੇ ਲਿਬਾਸਾਂ ਵਿੱਚ ਰਹਿਣ ਵਾਲੇ ਦਾਗ਼ੀ ਕਿਰਦਾਰ, ਦਾਗ਼ੀ ਦਿਮਾਗ ਅਤੇ ਦਾਗ਼ੀ ਜ਼ੁਬਾਨ ਨੂੰ ਉਜਾਗਰ ਕਰਨਾ ਬਹੁਤ ਜ਼ਰੂਰੀ ਹੈ। ਕਿਉਂਕਿ ਸਿਆਸਤ ਤਾਂ ਅੱਗੇ ਹੀ ਬਦਨਾਮ ਹੈ ਪਰ ਜੇਕਰ ਦਾਗ਼ੀ ਦਿਮਾਗ ਅਤੇ ਦਾਗ਼ੀ ਜ਼ੁਬਾਨ ਵਾਲੇ ਸ਼ਖ਼ਸ ਸਿਆਸਤ ਵਿੱਚ ਪੈਰ ਜਮਾ ਗਏ ਤਾਂ ਪੰਜਾਬ ਦੀ ਸਿਆਸਤ ਲਈ ਖ਼ਤਰਾ ਹੋਰ ਭਿਆਨਕ ਰੂਪ ਲੈ ਜਾਏਗਾ। 84 ਦੇ ਦੌਰ ਦੇ ਵਿੱਚ ਲਏ ਗਏ ਫੈਂਸਲੇ ਸ਼ਾਇਦ ਇਹ ਹੀ ਸੋਚ ਕੇ ਲਏ ਗਏ ਹੋਣਗੇ। ਸ਼ਾਇਦ ਉਹ ਫੈਂਸਲੇ ਸਹੀ ਸੀ। ਆਪਣੇ ਆਪ ਨੂੰ ਸਿਆਸਤ ਦਾ ਇੱਕ ਸੀਨਿਅਰ ਅਹੁੱਦੇਦਾਰ ਸਮਝਣ ਵਾਲਾ ਨੀਵੇਂ ਕਿਰਦਾਰ ਦਾ ਸ਼ਖ਼ਸ ਆਪਣੀ ਹੀ ਪਾਰਟੀ ਦੀ ਇੱਕ ਮਹਿਲਾ ਅਹੁੱਦੇਦਾਰ ਨੂੰ ਕੁੱ...... ਹ....... ਗਾਲਾਂ ਨਾਲ ਸ਼ਰੇਆਮ ਪਾਰਟੀ ਦਫ਼ਤਰ ਵਿੱਚ 10 ਹੋਰ ਪਾਰਟੀ ਦੇ ਮਰਦ ਅਹੁੱਦੇਦਾਰਾਂ ਦੇ ਸਾਹਮਣੇ ਸੰਬੋਧਿਤ ਕਰਦਾ ਹੈ। ਸਿਰਫ ਇਸ ਲਈ ਕਿ ਉਹ ਮਹਿਲਾ ਅਹੁੱਦੇਦਾਰ ਉਸ ਮਰਦ ਸੀਨੀਅਰ ਅਹੁੱਦੇਦਾਰ ਅੱਗੇ ਝੁੱਕਦੀ ਨਹੀਂ, ਉਸ ਅੱਗੇ ਦੱਬ ਕੇ ਨਹੀਂ ਰਹਿੰਦੀ। ਪਿੱਠ ਪਿੱਛੇ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਵੱਲੋਂ ਉਸ ਮਹਿਲਾ ਅਹੁੱਦੇਦਾਰ ਦੀ ਕਿਰਦਾਰਕੁਸ਼ੀ ਕਈ ਵਾਰ ਕੀਤੀ ਗਈ। ਉਸ ਮਹਿਲਾ ਅਹੁੱਦੇਦਾਰ ਦੇ ਸੋਸ਼ਲ ਅਕਾਉਂਟ ਨੂੰ ਵੱਖ-ਵੱਖ ਮਰਦਾਂ ਨੂੰ ਸ਼ੇਅਰ ਕਰਕੇ ਭੱਦੇ ਕਮੈਂਟ ਕਈ ਵਾਰ ਕੀਤੇ ਗਏ। ਜਦ ਕਿ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਦੇ ਕਿਰਦਾਰ ਦੀਆਂ ਧੱਜੀਆਂ ਖੁਦ ਉਸਦੇ ਪਰਿਵਾਰ ਵਿੱਚ ਹੀ ਉੱਡੀਆਂ ਹੋਈਆਂ ਹਨ। ਜਦੋਂ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਨੇ ਦੇਖਿਆ ਕਿ ਪਿੱਠ ਪਿੱਛੇ ਕਿਰਦਾਰਕੁਸ਼ੀ ਕਰਣ ਦਾ ਕੋਈ ਫ਼ਾਇਦਾ ਦਿੱਸ ਨਹੀਂ ਰਿਹਾ ਕਿਉਂਕਿ ਜਿੰਨਾਂ ਅੱਗੇ ਉਸ ਮਹਿਲਾ ਅਹੁੱਦੇਦਾਰ ਦੀ ਉਹ ਬੁਰਾਈ ਕਰਦਾ ਸੀ, ਉਹ ਮੈਂਬਰ ਰੌਸ਼ਨ ਜ਼ੁਬਾਨ ਮਰਦ ਦੇ ਭੱਦੇ ਕਮੈਂਟ ਸੁਣ ਕੇ ਅਤੇ ਹੱਸ ਕੇ ਗੱਲ ਟਾਲ ਦਿੰਦੇ ਸਨ ਅਤੇ ਨਾਲ ਹੀ ਉਸ ਮਹਿਲਾ ਅਹੁੱਦੇਦਾਰ ਨੂੰ ਦੱਸ ਵੀ ਦਿੰਦੇ ਸਨ ਕਿ ਇਹ ਰੌਸ਼ਨ ਜ਼ੁਬਾਨ ਮਰਦ ਆਪ ਜੀ ਬਾਰੇ ਇਹ ਸਭ ਬੋਲਦਾ ਫਿਰ ਰਿਹਾ ਹੈ। ਫਿਰ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਨੇ ਪੈਂਤਰਾ ਬਦਲਿਆ ਖੁਦ ਉਸ ਮਹਿਲਾ ਅਹੁੱਦੇਦਾਰ ਨੂੰ ਫੋਨ ਕਰਕੇ ਦੱਸਿਆ ਕਿ ਤੇਰੇ ਬਾਰੇ ਪਾਰਟੀ ਵਿੱਚ ਮਰਦ ਅਹੁੱਦੇਦਾਰਾਂ ਵਿੱਚ ਇਹ ਚਰਚਾ ਚੱਲ ਰਹੀ ਹੈ। ਪਰ ਉਸ ਰੌਸ਼ਨ ਜ਼ੁਬਾਨ ਮਰਦ ਅਹੁੱਦੇਦਾਰ ਨੂੰ ਇਹ ਨਹੀਂ ਪਤਾ ਸੀ ਕਿ ਉਹ ਮਹਿਲਾ ਅਹੁੱਦੇਦਾਰ ਸਿਰਫ ਕਾਲਜ ਯੂਨੀਵਰਸਿਟੀ ਦੀਆਂ ਡਿਗਰੀਆਂ ਨਹੀਂ ਲੈ ਕੇ ਬੈਠੀ ਬਲਕਿ ਜ਼ਿੰਦਗੀ ਦੀ ਹਕੀਕਤ ਦੇ ਕੌੜੇ ਸੱਚ ਦੀਆਂ ਡਿਗਰੀਆਂ ਵੀ ਸੰਭਾਲੀ ਬੈਠੀ ਹੈ। ਉਸ ਮਹਿਲਾ ਅਹੁੱਦੇਦਾਰ ਨੂੰ ਪਹਿਲੇ ਦਿਨ ਤੋਂ ਹੀ ਇਸ ਰੌਸ਼ਨ ਜ਼ੁਬਾਨ ਵਾਲੇ ਮਰਦ ਅਹੁੱਦੇਦਾਰ ਦੀ ਅਸਲੀਅਤ ਪਾਰਟੀ ਦੇ ਬਾਕੀ ਮੈਂਬਰ ਦੱਸਦੇ ਰਹਿੰਦੇ ਸਨ, ਜਿਸ ਕਰਕੇ ਉਹ ਮਹਿਲਾ ਅਹੁੱਦੇਦਾਰ ਇਸ ਰੌਸ਼ਨ ਜ਼ੁਬਾਨ ਮਰਦ ਤੋਂ ਦੂਰੀ ਬਣਾ ਕੇ ਰੱਖਦੀ ਸੀ। ਜਦ ਉਸ ਮਹਿਲਾ ਅਹੁੱਦੇਦਾਰ ਨੇ ਉਸ ਰੌਸ਼ਨ ਜ਼ੁਬਾਨ ਮਰਦ ਦੀ ਦੱਸੀ ਹਰ ਗੱਲ ਨੂੰ ਅਣਸੁਣਿਆ ਕਰ ਦਿੱਤਾ ਤਾਂ ਉਸ ਰੌਸ਼ਨ ਜ਼ੁਬਾਨ ਮਰਦ ਨੇ ਫਿਰ ਦੁਬਾਰਾ ਪੈਂਤਰਾ ਬਦਲ ਕੇ ਉਸ ਮਹਿਲਾ ਅਹੁੱਦੇਦਾਰ ਅੱਗੇ ਬਹੁਤ ਹੀ ਤਮੀਜ਼ ਨਾਲ ਪੇਸ਼ ਆਉਣਾ ਸ਼ੁਰੂ ਕਰ ਦਿੱਤਾ। ਪਰ ਕੁੱਤੇ ਦੀ ਪੂਛ ਕਦੇ ਵੀ ਸਿੱਧੀ ਨਹੀਂ ਹੁੰਦੀ ਇਹ ਸਿੱਧ ਹੋ ਚੁੱਕਾ ਹੈ। ਇਸ ਰੌਸ਼ਨ ਜ਼ੁਬਾਨ ਮਰਦ ਨੇ ਇਸ ਮਹਿਲਾ ਅਹੁੱਦੇਦਾਰ ਦੇ ਖਿਲਾਫ ਪਾਰਟੀ ਦੀਆਂ ਬਾਕੀ ਮਹਿਲਾ ਮੈਂਬਰਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਅਤੇ ਜਦੋਂ ਉੱਚ ਅਹੁੱਦੇ ਦਾ ਲਾਲਚ ਮਿਲਿਆ ਹੋਵੇ ਤਾਂ ਔਰਤ ਹੀ ਔਰਤ ਦੀ ਦੁਸ਼ਮਣ ਬਨਣੀ ਸੁਭਾਵਿਕ ਹੈ। ਇਹ ਰੌਸ਼ਨ ਜ਼ੁਬਾਨ ਮਰਦ ਔਰਤਾਂ ਨੂੰ ਆਪਸ ਵਿੱਚ ਲੜਾ ਕੇ ਖੁਦ ਤਮਾਸ਼ਾ ਦੇਖਣਾ ਚਾਹੁੰਦਾ ਸੀ। ਪਰ ਉਹ ਮਹਿਲਾ ਅਹੁੱਦੇਦਾਰ ਇਸ ਰੌਸ਼ਨ ਜ਼ੁਬਾਨ ਮਰਦ ਦੀ ਅਤੇ ਬਾਕੀ ਦੀਆਂ ਮਹਿਲਾ ਮੈਂਬਰਾਂ ਦੀਆਂ ਚਲਾਕੀਆਂ ਬਾਖੂਬੀ ਸਮਝ ਰਹੀ ਸੀ, ਇਸ ਲਈ ਉਹ ਮਹਿਲਾ ਅਹੁੱਦੇਦਾਰ ਆਪਣੀ ਸਮਝ ਮੁਤਾਬਿਕ ਸਭ ਤੋਂ ਦੂਰੀ ਬਣਾ ਕੇ ਚੱਲ ਰਹੀ ਸੀ। ਜਦੋਂ ਰੌਸ਼ਨ ਜ਼ੁਬਾਨ ਮਰਦ ਦਾ ਔਰਤਾਂ ਨੂੰ ਆਪਸ ਵਿੱਚ ਲੜਾਉਣ ਦਾ ਪੈਂਤਰਾ ਵੀ ਕਾਮਯਾਬ ਨਾ ਹੋਇਆ ਤਾਂ ਰੌਸ਼ਨ ਜ਼ੁਬਾਨ ਮਰਦ ਨੇ ਮਹਿਲਾ ਵਿੰਗ ਦੀ ਪ੍ਰਧਾਨ ਨਾਲ ਮਿਲ ਕੇ ਇਸ ਮਹਿਲਾ ਅਹੁੱਦੇਦਾਰ ਨੂੰ ਪਾਰਟੀ ਵਿੱਚੋਂ ਨਿਸ਼ਕਾਸਿਤ ਕਰਨ ਦੀ ਯੋਜਨਾ ਬਣਾਈ। ਪਰ ਪਾਰਟੀ ਪ੍ਰਧਾਨ ਦੀ ਦਖਲਅੰਦਾਜ਼ੀ ਨਾਲ ਰੌਸ਼ਨ ਜ਼ੁਬਾਨ ਮਰਦ ਦਾ ਇਹ ਪੈਂਤਰਾ ਵੀ ਕਾਮਯਾਬ ਨਾ ਹੋ ਸਕਿਆ। ਪਾਰਟੀ ਪ੍ਰਧਾਨ ਵੱਲੋਂ ਉਸ ਮਹਿਲਾ ਅਹੁੱਦੇਦਾਰ ਦੇ ਕੰਮ ਦੀ ਤਾਰੀਫ ਕਰਨਾ ਉਸ ਰੌਸ਼ਨ ਜ਼ੁਬਾਨ ਮਰਦ ਨੂੰ ਆਪਣੀ ਸ਼ਿਕਸਤ ਵਾਂਗ ਮਹਿਸੂਸ ਹੋਇਆ। ਫਿਰ ਰੌਸ਼ਨ ਜ਼ੁਬਾਨ ਮਰਦ ਨੂੰ ਮੈਦਾਨ ਵਿੱਚ ਉਤਰ ਕੇ ਵਾਰ ਕਰਨਾ ਹੀ ਪਿਆ। ਜਿਸ ਨਾਲ ਇਸ ਰੌਸ਼ਨ ਜ਼ੁਬਾਨ ਮਰਦ ਦੀ ਅਸਲਿਅਤ ਸਭ ਦੇ ਸਾਹਮਣੇ ਉਜਾਗਰ ਹੋਈ। ਪਾਰਟੀ ਦਫਤਰ ਵਿੱਚ ਵੜਦਿਆਂ ਹੀ ਇਹ ਰੌਸ਼ਨ ਜ਼ੁਬਾਨ ਮਰਦ ਉਸ ਮਹਿਲਾ ਅਹੁੱਦੇਦਾਰ ਨੂੰ ਪਾਰਟੀ ਦੇ ਦਫਤਰ ਵਿੱਚੋਂ ਬਹੁਤ ਹੀ ਬਦਤਮੀਜ਼ੀ ਨਾਲ ਬਾਹਰ ਜਾਣ ਲਈ ਕਹਿੰਦਾ ਹੈ। ਜਦ ਕਿ ਮਹਿਲਾ ਅਹੁੱਦੇਦਾਰ ਇਸ ਰੌਸ਼ਨ ਜ਼ੁਬਾਨ ਮਰਦ ਦੇ ਸਤਿਕਾਰ ਵਿੱਚ ਖੜੀ ਹੋਈ ਸੀ। ਇਸ ਰੌਸ਼ਨ ਜ਼ੁਬਾਨ ਮਰਦ ਨੇ ਬਹੁਤ ਹੀ ਬਦਤਮਿਜ਼ੀ ਨਾਲ ਇਹ ਕਹਿ ਕੇ ਉਸ ਮਹਿਲਾ ਔਰਤ ਨੂੰ ਦਫਤਰ ਵਿੱਚੋਂ ਬਾਹਰ ਜਾਣ ਲਈ ਕਿਹਾ ਕਿ ਇਹ ਦਫਤਰ ਔਰਤਾਂ ਲਈ ਨਹੀਂ ਬਣਾਇਆ ਗਿਆ। ਉਸ ਸਮੇਂ ਉਸ ਦਫਤਰ ਵਿੱਚ 10 ਹੋਰ ਮਰਦ ਮੈਂਬਰ ਸਨ ਜੋ ਚੁੱਪਚਾਪ ਇਹ ਸਭ ਦੇਖ ਰਹੇ ਸਨ। ਉਹ ਮਹਿਲਾ ਅਹੁੱਦੇਦਾਰ ਬਿਨਾਂ ਕੁਝ ਕਹੇ ਚੁੱਪਚਾਪ ਉਸ ਦਫਤਰ ਤੋਂ ਬਾਹਰ ਜਾ ਕੇ ਬੈਠ ਗਈ। ਰੌਸ਼ਨ ਜ਼ੁਬਾਨ ਮਰਦ ਨੇ ਆਪਣਾ ਇੱਕ ਚਮਚਾ ਉਸ ਮਹਿਲਾ ਅਹੁੱਦੇਦਾਰ ਕੋਲ ਨਜ਼ਰ ਰੱਖਣ ਲਈ ਭੇਜ ਦਿੱਤਾ ਅਤੇ ਖੁਦ ਦਫਤਰ ਵਿੱਚ ਬੈਠ ਕੇ ਉਸ ਮਹਿਲਾ ਅਹੁੱਦੇਦਾਰ ਦੇ ਸੋਸ਼ਲ ਅਕਾਉਂਟ ਦੀਆਂ ਤਸਵੀਰਾਂ ਬਾਕੀ ਦੇ ਮਰਦ ਮੈਂਬਰਾਂ ਨੂੰ ਦਿਖਾ ਕੇ ਭੱਦੇ-ਭੱਦੇ ਕਮੈਂਟ ਕਰਨੇ ਸ਼ੁਰੂ ਕਰ ਦਿੱਤੇ। ਨੈਟਵਰਕ ਦੇ ਜ਼ਮਾਨੇ ਵਿੱਚ ਇਹ ਹਰਕਤ ਨਾਲ ਦੀ ਨਾਲ ਉਸ ਮਹਿਲਾ ਅਹੁੱਦੇਦਾਰ ਨੂੰ ਦਫਤਰ ਵਿੱਚ ਮੌਜੂਦ ਮਰਦ ਦੱਸ ਰਹੇ ਸਨ। ਇਹ ਰੌਸ਼ਨ ਜ਼ੁਬਾਨ ਮਰਦ ਆਪਣਾ ਰੌਸ਼ਨ ਦਿਮਾਗ ਵਰਤ ਕੇ ਕੁਝ ਸਮੇਂ ਬਾਅਦ ਦਫਤਰ ਵਿੱਚੋਂ ਚਲਾ ਗਿਆ। ਇਸ ਰੌਸ਼ਨ ਜ਼ੁਬਾਨ ਮਰਦ ਦੇ ਜਾਣ ਤੋਂ ਬਾਅਦ ਦਫਤਰ ਵਿੱਚ ਮੌਜੂਦ ਸਭ ਮਰਦਾਂ ਨੇ ਉਸ ਮਹਿਲਾ ਅਹੁੱਦੇਦਾਰ ਨਾਲ ਕੀਤੇ ਇਸ ਰੌਸ਼ਨ ਜ਼ੁਬਾਨ ਮਰਦ ਵੱਲੋਂ ਮਾੜੇ ਵਿਹਾਰ ਦੀ ਨਿੰਦਾ ਕੀਤੀ ਅਤੇ ਉਸ ਮਹਿਲਾ ਅਹੁੱਦੇਦਾਰ ਨੂੰ ਪੂਰੀ ਇੱਜ਼ਤ ਨਾਲ ਦੁਬਾਰਾ ਦਫਤਰ ਵਿੱਚ ਬਿਠਾਇਆ। ਹੌਲੀ-ਹੌਲੀ ਦਫਤਰ ਦਾ ਮਾਹੌਲ ਪਾਰਟੀ ਦੇ ਕੰਮ-ਕਾਜ ਵੱਲ ਹੋ ਗਿਆ। ਤਕਰੀਬਨ 2 ਘੰਟੇ ਬਾਅਦ ਦਫਤਰ ਵਿੱਚ ਮੌਜੂਦ ਸਾਰੇ ਮੈਂਬਰ ਦੁਪਹਿਰ ਦੇ ਖਾਣੇ ਲਈ ਟੇਬਲ 'ਤੇ ਪਹੁੰਚੇ। ਸਾਰੇ ਮੈਂਬਰਾਂ ਸਾਹਮਣੇ ਖਾਣੇ ਦੀ ਥਾਲੀ ਸਜੀ ਪਈ ਸੀ। ਮਹਿਲਾ ਅਹੁੱਦੇਦਾਰ ਖਾਣਾ ਖਾਣ ਲੱਗੀ ਤਾਂ ਉਸ ਦੇ ਪਿੱਛੇ ਖੜੇ ਰੌਸ਼ਨ ਜ਼ੁਬਾਨ ਮਰਦ ਦੀ ਅਵਾਜ਼ ਆਈ,

"ਇਸ ਜਨਾਨੀ ਨੂੰ ਕਹੋ ਕਿ ਮੇਰੇ ਨਾਲ ਸਿੱਧੇ ਤੌਰ 'ਤੇ ਗੱਲ ਕਰੇ। ਮੇਰੇ ਪਿੱਠ ਪਿੱਛੇ ਗੱਲ ਕਰਨ ਦੀ ਲੋੜ ਨਹੀਂ।"

ਉਸ ਮਹਿਲਾ ਅਹੁੱਦੇਦਾਰ ਨੇ ਬਿਨਾਂ ਉਸ ਵੱਲ ਦੇਖੇ ਜਵਾਬ ਦਿੱਤਾ-

"ਪਿੱਠ ਪਿੱਛੇ ਕੌਣ ਗੱਲਾਂ ਕਰਦਾ ਸਭ ਨੂੰ ਪਤਾ ਹੈ, ਮੈਂ ਤੁਹਾਡੇ ਨਾਲ ਖਾਣਾ ਖਾ ਕੇ ਗੱਲ ਕਰਾਂਗੀ।"

ਰੌਸ਼ਨ ਜ਼ੁਬਾਨ ਮਰਦ ਉਸ ਮਹਿਲਾ ਅਹੁੱਦੇਦਾਰ ਦੇ ਸਾਹਮਣੇ ਆ ਕੇ ਬੋਲਿਆ- "ਤੇਰੀ ਔਕਾਤ ਹੈ ਕਿ ਤੂੰ ਮੇਰੇ ਸਾਹਮਣੇ ਖੜ ਕੇ ਗੱਲ ਕਰੇਂ।" ਮਹਿਲਾ ਅਹੁੱਦੇਦਾਰ ਇਸ ਵਾਰ ਤਲਖ ਲਿਹਾਜ ਵਿੱਚ ਰੌਸ਼ਨ ਜ਼ੁਬਾਨ ਮਰਦ ਨੂੰ ਘੂਰ ਕੇ ਬੋਲੀ- "ਸਰ ਲਿਮਿਟ ਵਿੱਚ ਰਹਿ ਕੇ ਗੱਲ ਕਰੋ ਤੁਸੀਂ" ਰੌਸ਼ਨ ਜ਼ੁਬਾਨ ਮਰਦ ਆਪਣੀ ਔਕਾਤ ਦਿਖਾਉਂਦਾ ਹੋਇਆ ਗਾਲਾਂ ਕੱਢਣ ਲੱਗ ਪਿਆ- "ਕੁੱ......, ਹਰਾ..... ਤੂੰ ਮੈਨੂੰ ਮੇਰੀ ਲਿਮਟ ਦੱਸੇਂਗੀ।"

ਉਸ ਮਹਿਲਾ ਅਹੁੱਦੇਦਾਰ ਦਾ ਖਾਣਾ ਉੱਥੇ ਹੀ ਛੁੱਟ ਗਿਆ ਅਤੇ ਆਪਣੀ ਅਣਖ ਨੂੰ ਮੁੱਖ ਰੱਖਦਿਆਂ ਉਸ ਮਹਿਲਾ ਅਹੁੱਦੇਦਾਰ ਨੂੰ ਇਸ ਬੋਲ ਕਬੋਲ ਦੇ ਜੰਗ ਮੈਦਾਨ ਵਿੱਚ ਉਤਰਨਾ ਪਿਆ। ਫਿਰ ਜਿਸ ਤਰਾਂ ਰੌਸ਼ਨ ਜ਼ੁਬਾਨ ਮਰਦ ਨੇ ਖੂਹ ਵਿੱਚ ਅਵਾਜ਼ ਦਿੱਤੀ ਮਹਿਲਾ ਅਹੁੱਦੇਦਾਰ ਨੇ ਸੂਦ ਸਮੇਤ ਉਸੇ ਹੀ ਭਾਸ਼ਾ ਵਿੱਚ ਜਵਾਬ ਦਿੱਤਾ। ਜਦੋਂ ਮੌਜੂਦ ਕੁਝ ਮਰਦ ਅਹੁੱਦੇਦਾਰਾਂ ਨੇ ਮਹੌਲ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬੇਸ਼ਰਮ ਰੌਸ਼ਨ ਜ਼ੁਬਾਨ ਮਰਦ ਅਰਾਮ ਨਾਲ ਬੈਠ ਕੇ ਥਾਲੀ ਵਿੱਚ ਖਾਣਾ ਖਾਣ ਲੱਗ ਪਿਆ। ਰੌਸ਼ਨ ਜ਼ੁਬਾਨ ਮਰਦ ਬਾਰ-ਬਾਰ ਇਹ ਦੋਹਰਾ ਰਿਹਾ ਸੀ ਕਿ, "ਮਹਿਲਾ ਅਹੁੱਦੇਦਾਰ ਪਾਰਟੀ ਦਾ ਕੰਮ ਮੇਰੀ ਮਰਜ਼ੀ ਤੋਂ ਬਿਨਾਂ ਪੁੱਛੇ ਕਿਵੇਂ ਕਰ ਸਕਦੀ ਹੈ?" ਰੌਸ਼ਨ ਜ਼ੁਬਾਨ ਮਰਦ ਖਾਣਾ ਖਾ ਕੇ ਅਤੇ ਮਹਿਲਾ ਅਹੁੱਦੇਦਾਰ ਨੂੰ ਗਾਲਾਂ ਕੱਢ ਕੇ ਉੱਥੋਂ ਚਲਾ ਗਿਆ। ਪਾਰਟੀ ਦਫਤਰ ਵਿੱਚ ਮਹਿਲਾ ਅਹੁੱਦੇਦਾਰ ਨਾਲ ਹੋਈ ਇਸ ਬਦਸਲੂਕੀ ਲਈ ਮੌਜੂਦ ਸਭ ਮਰਦ ਮੈਂਬਰਾਂ ਨੇ ਪੁਰਜ਼ੋਰ ਨਖੇਧੀ ਕੀਤੀ ਅਤੇ ਇਸ ਰੌਸ਼ਨ ਜ਼ੁਬਾਨ ਮਰਦ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਦੇਖਦੇ-ਦੇਖਦੇ ਪਾਰਟੀ ਦੇ ਸਾਰੇ ਸਿਨਿਅਰ ਲੀਡਰਾਂ ਤੱਕ ਇਸ ਘਟਨਾ ਦੀ ਖਬਰ ਪਹੁੰਚ ਗਈ। ਮਹੌਲ ਸ਼ਾਂਤ ਹੋ ਗਿਆ। ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਦਾ ਉਸ ਮਹਿਲਾ ਅਹੁੱਦੇਦਾਰ ਨੂੰ ਫੋਨ ਆਇਆ ਇਹ ਦੱਸਣ ਲਈ ਕਿ ਉਸਨੂੰ ਪਤਾ ਲੱਗਾ ਕਿ ਦਫਤਰ ਵਿੱਚ ਕੋਈ ਘਟਨਾ ਘਟੀ ਹੈ। ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਸਟੇਜਾਂ ਉੱਤੇ ਗਰਜ-ਗਰਜ ਕੇ ਆਪਣੇ ਭਾਸ਼ਨਾ ਰਾਹੀਂ ਜਨਤਾ ਸਾਹਮਣੇ ਖੁਦ ਨੂੰ ਹਮੇਸ਼ਾਂ ਇੱਕ ਮਜਬੂਤ ਔਰਤ ਵਜੋਂ ਪੇਸ਼ ਕਰਦੀ ਹੈ, ਪਰ ਉਹ ਕਿੰਨੀ ਕਮਜ਼ੋਰ ਹੈ ਉਹ ਉਸਨੇ ਖੁਦ ਸਾਬਤ ਕਰ ਦਿੱਤਾ ਜਦੋਂ ਉਹ ਆਪਣੇ ਮਹਿਲਾ ਵਿੰਗ ਦੀ ਮੈਂਬਰ ਦੇ ਹੱਕ ਵਿੱਚ ਨਾ ਖੜ ਸਕੀ ਅਤੇ ਪਾਰਟੀ ਦਫਤਰ ਵਿੱਚ ਹੋਏ ਇਸ ਘਟਨਾਕ੍ਰਮ ਲਈ ਦੋਸ਼ੀ ਖਿਲਾਫ ਕੋਈ ਵੀ ਕਾਰਵਾਈ ਨਾ ਕਰ ਸਕੀ। ਇਸ ਘਟਨਾ ਕ੍ਰਮ ਨੂੰ ਲੈ ਕੇ ਪਾਰਟੀ ਵਿੱਚ ਉਥਲ-ਪੁਥਲ ਮੱਚ ਗਈ। ਫਿਰ ਸ਼ਤਰੰਜ ਦੀ ਬਿਸਾਤ ਬਿਛੀ। ਸਤਰੰਜ ਦੇ ਸਭ ਕਿਰਦਾਰ ਹਰਕਤ ਵਿੱਚ ਆਏ। ਕੁਝ ਕਿਰਦਾਰ ਮਹਿਲਾ ਅਹੁੱਦੇਦਾਰ ਦੇ ਹੱਕ ਵਿੱਚ ਨਿੱਤਰੇ ਕੁਝ ਕੁ ਰੌਸ਼ਨ ਜ਼ੁਬਾਨ ਮਰਦ ਦੇ ਹੱਕ ਵਿੱਚ। ਸ਼ਤਰੰਜ ਦੀ ਬਿਸਾਤ ਦੇ ਕੁਝ ਸਿਪਾਹੀਆਂ ਨੇ ਮਹਿਲਾ ਅਹੁੱਦੇਦਾਰ ਨੂੰ ਫੋਨ ਕਰਕੇ ਇਸ ਘਟਨਾ ਦੀ ਨਿੰਦਾ ਕੀਤੀ। ਸ਼ਤਰੰਜ ਦੀ ਬਿਸਾਤ ਦੇ ਵਜੀਰ ਰੌਸ਼ਨ ਜ਼ੁਬਾਨ ਮਰਦ ਨੂੰ ਨਿਸ਼ਾਨਾ ਬਨਾਉਣ ਲਈ ਮਹਿਲਾ ਅਹੁੱਦੇਦਾਰ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਰੌਸ਼ਨ ਜ਼ੁਬਾਨ ਮਰਦ ਉੱਤੇ ਵਾਰ ਕਰਨਾ ਚਾਹੁੰਦੇ ਸਨ ਪਰ ਮਹਿਲਾ ਅਹੁੱਦੇਦਾਰ ਨੇ ਵਜੀਰਾਂ ਨੂੰ ਆਪਣਾ ਮੋਢਾ ਵਰਤਣ ਨਹੀਂ ਦਿੱਤਾ। ਘੋੜੇ ਨੇ ਆਪਣੇ ਢਾਈ ਕਦਮ ਚੱਲ ਕੇ ਮਹਿਲਾ ਅਹੁੱਦੇਦਾਰ ਨੂੰ ਸ਼ਰੇਆਮ ਆਪਣਾ ਸਮਰਥਣ ਦਿੱਤਾ। ਹਾਥੀਆਂ ਨੇ ਮਹਿਲਾ ਅਹੁੱਦੇਦਾਰ ਨੂੰ ਆਸ਼ਵਾਸਨ ਦਿੱਤਾ ਕਿ ਉਹ ਰੌਸ਼ਨ ਜ਼ੁਬਾਨ ਮਰਦ ਦੇ ਖਿਲਾਫ ਆਪਣੀ ਲੰਬੀ ਮਾਰ ਲਈ ਰਾਣੀ ਅਤੇ ਰਾਜੇ ਦੇ ਫੈਂਸਲੇ ਦੀ ਉਡੀਕ ਕਰਨਗੇ। ਰਾਜੇ ਨੇ ਚਾਰੋ ਦਿਸ਼ਾ ਵਿੱਚ ਇੱਕ-ਇੱਕ ਕਦਮ ਉੱਪਰ ਮਹਿਲਾ ਅਹੁੱਦੇਦਾਰ ਨਾਲ ਵਾਪਰੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਸ਼ਤਰੰਜ ਦੀ ਬਿਸਾਤ ਦੇ ਆਖਰੀ ਕਿਰਦਾਰ ਰਾਣੀ ਉੱਪਰ ਸਭ ਦੀਆਂ ਨਜ਼ਰਾਂ ਟਿੱਕੀਆਂ, ਪਰ ਪਾਰਟੀ ਦੇ ਦਫਤਰ ਵਿੱਚ ਹੋਏ ਇਸ ਘਟਨਾ ਦੇ ਪ੍ਰਤਿ ਰਾਣੀ ਵੱਲੋਂ ਕੋਈ ਪ੍ਰਤਿਕਰਮ ਨਹੀਂ ਆਇਆ। ਸਭ ਹੈਰਾਨ! ਘੋਖ ਹੋਣੀ ਲਾਜ਼ਮੀ ਸੀ। ਨਤੀਜਾ ਨਿਕਲ ਕੇ ਇਹ ਆਇਆ ਕਿ ਰੌਸ਼ਨ ਜ਼ੁਬਾਨ ਮਰਦ ਸ਼ਤਰੰਜ ਦੀ ਬਿਸਾਤ ਦੇ ਆਖਰੀ ਕਿਰਦਾਰ ਰਾਣੀ ਦਾ ਪਾਲਤੂ ਹੈ। ਰਾਣੀ ਹਮੇਸ਼ਾਂ ਅਤੇ ਹਰ ਵਾਰ ਆਪਣੇ ਇਸ ਪਾਲਤੂ ਰੌਸ਼ਨ ਜ਼ੁਬਾਨ ਮਰਦ ਨੂੰ ਚੁੱਪਚਾਪ ਵਰਤਦੀ ਹੈ ਹਰ ਉਸ ਖਿਲਾਫ ਜੋ ਰਾਜਾ ਦਾ ਪਸੰਦੀਦਾ ਹੈ। ਰਾਣੀ ਨੂੰ ਰਾਜ-ਪਾਟ ਦੀ ਭੁੱਖ ਇਸ ਕਦਰ ਹੈ ਕਿ ਉਹ ਆਪਣੇ ਪਾਲਤੂ ਰਾਹੀਂ ਜਲਦ ਤੋਂ ਜਲਦ ਰਾਜ ਸਿੰਘਾਸਨ ਤੇ ਬੈਠਣਾ ਚਾਹੁੰਦੀ ਹੈ। ਇਸ ਲਈ ਉਹ ਆਪਣੇ ਪਾਲਤੂਆਂ ਰਾਹੀਂ ਰਾਜਾ ਦੇ ਖਿਲਾਫ ਬਗਾਵਤ ਦੇ ਬੀਜ ਬੋਆ ਰਹੀ ਹੈ। ਰਾਣੀ ਦੇ ਦਿਮਾਗ ਵਿੱਚ ਸ਼ਾਇਦ ਇਹ ਗੱਲ ਨਹੀਂ ਆ ਰਹੀ ਕਿ ਪਾਲਤੂ ਨੂੰ ਜਦੋਂ ਹਲਕ ਪੈ ਜਾਵੇ ਤਾਂ ਉਹ ਆਪਣੇ ਮਾਲਕ ਨੂੰ ਵੀ ਆਪਣੇ ਹਲਕ ਦਾ ਸ਼ਿਕਾਰ ਬਨਾਉਣ ਤੋਂ ਗੁਰੇਜ਼ ਨਹੀਂ ਕਰਦਾ। ਪਰ ਰਾਣੀ ਦੀ ਖਿਲਾਫਤ ਦਬੀ ਜ਼ੁਬਾਨ ਵਿੱਚ ਵਜ਼ੀਰ, ਹਾਥੀ, ਘੋੜੇ ਅਤੇ ਸਿਪਾਹੀ ਕਰ ਰਹੇ ਹਨ। ਰਾਣੀ ਦੀਆਂ ਅਤੇ ਉਸਦੇ ਪਾਲਤੂਆਂ ਦੀਆਂ ਚਾਲਾਂ ਦਾ ਸ਼ਿਕਾਰ ਕੌਣ-ਕੌਣ ਅਤੇ ਕਿਸ ਤਰਾਂ ਬਣ ਰਿਹਾ ਹੈ ਇਹ ਸ਼ਤਰੰਜ ਦੀ ਬਿਸਾਤ ਦੇ ਹਰ ਕਿਰਦਾਰ ਨੂੰ ਬਾਖੂਬੀ ਸਮਝ ਆ ਰਿਹਾ ਹੈ। ਇੰਜ ਕਹਿ ਲਉ ਜਵਾਲਾਮੁਖੀ ਭੱਖ ਰਹੀ ਹੈ ਅਤੇ ਜਦੋਂ ਵੀ ਇਹ ਜਵਾਲਾਮੁਖੀ ਫਟੀ ਸਭ ਕੁਝ ਰਾਖ ਕਰ ਦੇਵੇਗੀ। ਰਾਣੀ ਵੱਲੋਂ ਅਤੇ ਉਸਦੇ ਪਾਲਤੂ ਵੀ ਇਸ ਜਵਾਲਾਮੁਖੀ ਦੀ ਲਪੇਟ ਵਿੱਚ ਜਰੂਰ ਆਉਣਗੇ। ਫਿਰ ਵਿਛੇਗੀ ਸਿਆਸਤ ਦੀ ਬਿਸਾਤ ਜਿਸ ਉੱਤੇ ਕਾਬਜ ਹੋਵੇਗਾ ਰਾਜਕੁਮਾਰ। ਸ਼ਤਰੰਜ ਵਿੱਚ ਬੇਸ਼ੱਕ ਰਾਜਕੁਮਾਰ ਦਾ ਕਿਰਦਾਰ ਨਹੀਂ ਹੁੰਦਾ ਪਰ ਰਾਣੀ ਅਤੇ ਉਸਦੇ ਪਾਲਤੂ ਭੁੱਲ ਗਏ ਹਨ ਕਿ ਰਾਣੀ ਕਦੇ ਵੀ ਰਾਜਾ ਨਹੀਂ ਬਣ ਸਕਦੀ। ਰਾਜਾ ਹਮੇਸ਼ਾਂ ਹੀ ਰਿਆਸਤ ਦਾ ਰਾਜਕੁਮਾਰ ਹੀ ਬਣਦਾ ਹੈ। ਰਾਜਕੁਮਾਰ ਸ਼ਤਰੰਜ ਦੀ ਬਿਸਾਤ ਦੇ ਹਰ ਕਿਰਦਾਰ ਤੋਂ ਭਲੀਭਾਂਤ ਵਾਕਿਫ ਇਸ ਸਮੇਂ ਇੱਕ ਪਾਸੇ ਬੈਠ ਕੇ ਆਪਣੇ ਰਾਜ ਤਿਲਕ ਹੋਣ ਦੀ ਉਡੀਕ ਕਰ ਰਿਹਾ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਿਆਸਤ ਦੀਆਂ ਸਟੇਜਾਂ ਉੱਤੇ ਔਰਤਾਂ ਦੇ ਮਾਨ ਸਨਮਾਨ ਦੀਆਂ ਗੱਲਾਂ ਕਰਨ ਵਾਲੇ ਲੀਡਰ, ਔਰਤਾਂ ਨੂੰ ਆਪਣੀਆਂ ਸਟੇਜਾਂ ਤੋਂ ਸਨਮਾਨਿਤ ਕਰਨ ਵਾਲੇ ਲੀਡਰ ਆਪਣੀ ਹੀ ਪਾਰਟੀ ਦੀ ਮਹਿਲਾ ਅਹੁੱਦੇਦਾਰ ਨੂੰ ਗਾਲਾਂ ਕੱਢੇ ਜਾਣ ਤੇ ਚੁੱਪ ਕਿਉਂ ਹਨ? ਦੋਸ਼ੀ ਨੂੰ ਸਜ਼ਾ ਕਿਉਂ ਨਹੀਂ ਦਿੱਤੀ ਗਈ? ਕਿ ਹੁਣ ਅਖੌਤੀ ਪੰਥਕ ਲੀਡਰਾਂ ਦੀਆਂ ਰੌਸ਼ਨ ਜ਼ੁਬਾਨਾਂ ਸਿਆਸਤ ਨੂੰ ਵਰਤ ਰਹੇ ਹਨ ਔਰਤਾਂ ਦੀ ਕਿਰਦਾਰਕੁਸ਼ੀ ਕਰਣ ਲਈ ਅਤੇ ਗਾਲਾਂ ਕੱਢਣ ਲਈ? ਅਖੌਤੀ ਰੌਸ਼ਨ ਦਿਮਾਗ ਲੀਡਰਾਂ ਦਾ ਖਾਤਮਾ ਕਰਨਾ ਇੱਕ ਸਹੀ ਫੈਂਸਲਾ ਸੀ ਅਤੇ ਰੌਸ਼ਨ ਜ਼ੁਬਾਨ ਲੀਡਰਾਂ ਦਾ ਸਫਾਇਆ ਕਰਨਾ ਵੀ ਅੱਜ ਦੇ ਸਮੇਂ ਦੀ ਮੰਗ ਹੈ। ਸਾਰਾ ਮੁੱਦਾ ਇਹ ਕਹਾਣੀ ਲਿਖਣ ਤੱਕ ਪਾਰਟੀ ਵਿੱਚ ਵਿਚਾਰਅਧੀਨ ਹੈ। ਕਿਸੇ ਵੀ ਤਰਾਂ ਦਾ ਕੋਈ ਫੈਂਸਲਾ ਪਾਰਟੀ ਵੱਲੋਂ ਨਹੀਂ ਲਿਆ ਗਿਆ। ਜਿਸ ਨਾਲ ਪਾਰਟੀ ਵਿੱਚ ਖੁਸਰ-ਫੁਸਰ ਚੱਲ ਰਹੀ ਹੈ। ਪਾਰਟੀ ਦੀ ਪਿਛਲੇ ਸਾਲਾਂ ਵਿੱਚ ਛਵੀ ਕਿਵੇਂ ਦੀ ਰਹੀ ਅਤੇ ਆਉਣ ਵਾਲੇ ਸਾਲਾਂ ਵਿੱਚ ਕਿਵੇਂ ਦੀ ਹੋਵੇਗੀ ਪਾਰਟੀ ਵੱਲੋਂ ਲਏ ਗਏ ਫੈਂਸਲਿਆਂ ਉੱਪਰ ਹੀ ਨਿਰਭਰ ਸੀ ਅਤੇ ਅੱਗੇ ਵੀ ਨਿਰਭਰ ਹੋਵੇਗੀ

## ਅੱਲਾ ਯਾਰ ਖਾਨ ਯੋਗੀ

ਵਰਲਡ ਪੰਜਾਬੀ ਟਾਈਮਜ਼



ਲਾਹੌਰ ਦੇ ਵਸਨੀਕ "ਅੱਲਾ ਯਾਰ ਖਾਨ ਯੋਗੀ" ਇੱਕ ਪ੍ਰਸਿੱਧ ਉਰਦੂ ਕਵੀ ਸਨ ਜਿਹਨਾਂ ਨੇ 1913 ਈ. ਵਿੱਚ ਸਿੱਖ ਪੰਥ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ "ਸ਼ਹੀਦਾਂ-ਏ-ਵਫਾ" ਅਤੇ 1915 ਈ. ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ "ਗੰਜ-ਏ-ਸ਼ਹੀਦਾਂ" ਨਾਮਕ ਦਿਲ ਨੂੰ ਛੂਹ ਲੈਣ ਵਾਲੇ ਦੋ "ਮਰਸੀਏ" ਲਿਖ ਕੇ ਸਨਸਨੀ ਪੈਦਾ ਕਰ ਦਿੱਤੀ ਸੀ।

22 ਦਸੰਬਰ 1704 ਈ. ਨੂੰ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਬਾਰੇ ਲਿਖੀਆਂ ਉਹਨਾਂ ਦੀਆਂ ਇਹ ਦੋ ਸਤਰਾਂ ਅੱਜ ਵੀ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਤੇ ਵਿਸ਼ੇਸ਼ ਤੌਰ ਤੇ ਲਿਖੀਆਂ ਹੋਈਆਂ ਮਿਲਦੀਆਂ ਹਨ :

ਬਸ ਏਕ ਹਿੰਦ ਮੇਂ ਤੀਰਥ ਹੈ, ਯਾਤਰਾ ਕੇ ਲੀਏ
ਕਟਾਏ ਬਾਪ ਨੇ ਬੇਟੇ ਯਹਾਂ, ਖੁਦਾ ਕੇ ਲੀਏ

ਉਪਰੋਕਤ ਲਿਖਤਾਂ ਤੋਂ ਬਾਅਦ ਅੱਲ੍ਹਾ ਯਾਰ ਖਾਨ ਯੋਗੀ ਨੂੰ "ਕਾਫਿਰ" ਘੋਸ਼ਿਤ ਕਰਕੇ ਇਸਲਾਮ ਵਿੱਚੋਂ ਛੇਕ ਦਿੱਤਾ ਗਿਆ ਸੀ। ਪਰ ਉਹਨਾਂ ਦੀ ਜ਼ਿੰਦਗੀ ਦੇ ਆਖਰੀ ਪਲਾਂ ਵਿੱਚ ਮੌਲਵੀ ਨੇ ਉਹਨਾਂ ਦੇ ਕੋਲ ਆ ਕੇ ਕਿਹਾ ਕਿ, "ਕਾਫ਼ਰਾਂ ਦੀ ਪ੍ਰਸੰਸਾ ਵਿੱਚ ਲਿਖੀਆਂ ਆਪਣੀਆਂ ਲਿਖਤਾਂ ਲਈ ਗਲਤੀ ਮੰਨ ਕੇ ਮੁਆਫ਼ੀਨਾਮੇ ਤੇ ਦਸਤਖਤ ਕਰ ਦਿਉ ਤਾਂ ਕਿ ਤੁਹਾਡਾ ਇਸਲਾਮੀ ਸ਼ਰਹਾ ਦੇ ਅਨੁਸਾਰ ਕਫਨ ਦਫ਼ਨ ਹੋ ਸਕੇ ਅਤੇ ਤੁਹਾਨੂੰ ਜੰਨਤ ਵਿੱਚ ਜਗ੍ਹਾ ਮਿਲ ਸਕੇ।"

ਇਹ ਸੁਣ ਕੇ ਯੋਗੀ ਜੀ ਨੇ ਸਪੱਸ਼ਟ ਕਿਹਾ ਕਿ, "ਮੈਂ ਸਿਰਫ਼ ਤੰਗ ਦਿਲ ਵਾਲੇ ਕੱਟੜਪੰਥੀ ਮੁਸਲਮਾਨਾਂ ਲਈ ਹੀ 'ਕਾਫ਼ਿਰ' ਹਾਂ। ਪਰ ਇਹਨਾਂ ਲਿਖਤਾਂ ਦੇ ਕਾਰਨ ਮੈਂ ਸ੍ਰੀ ਗੁਰੂ ਗੋਬਿੰਦ ਜੀ ਦੇ ਗਲ ਲੱਗ ਕੇ ਜੰਨਤ ਵਿੱਚ ਹੀ ਵਸਾਂਗਾ। ਇਸ ਲਈ ਮੈਨੂੰ ਇਸਲਾਮੀ ਕਫਨ ਦਫ਼ਨ ਦੀ ਕੋਈ ਜ਼ਰੂਰਤ ਨਹੀਂ ਹੈ।"


ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਵੀ ਆਪਣੀਆਂ ਤੀਬਰ ਪ੍ਰੇਮ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਯੋਗੀ ਜੀ ਨੇ ਲਿਖਿਆ ਸੀ ਕਿ :

ਇਨਸਾਫ ਕਰੇ ਜੀਅ ਮੇਂ ਜਮਾਨਾ ਤੋ ਯਕੀਂ ਹੈ
ਕਹਿ ਦੋ ਕਿ ਗੁਰੂ ਗੋਬਿੰਦ ਕਾ ਸਾਨੀ ਕੋਈ ਨਹੀਂ ਹੈ
ਕਰਤਾਰ ਕੀ ਸੌਂਗੰਧ ਹੈ, ਨਾਨਕ ਕੀ ਕਸਮ ਹੈ
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਤਾਰੀਫ ਵੋ ਕਮ ਹੈ

ਅੱਲ੍ਹਾ ਯਾਰ ਖਾਨ ਯੋਗੀ ਜੀ ਦੇ ਮਹਾਨ ਜਜ਼ਬੇ ਨੂੰ ਲੱਖ ਲੱਖ ਵਾਰ ਨਮਸਕਾਰ।

## ਸਫ਼ਰ ਏ ਸ਼ਹਾਦਤ



ਵਰਲਡ ਪੰਜਾਬੀ ਟਾਈਮਜ਼
ਧਰਮਿੰਦਰ ਸਿੰਘ ਮੰਨਵੀ

ਪੋਹ ਦੇ ਮਹੀਨੇ ਦਾ, ਵੱਖਰਾ ਇਤਿਹਾਸ ਏ
ਸਿੱਖੀ ਨਾਲ ਜੁੜਿਆ ਸਾਡਾ, ਹਰ ਇੱਕ ਸਵਾਸ ਏ।

ਗੱਲ ਹੁੰਦੀ ਦਸ਼ਮੇਸ਼ ਪਿਤਾ ਦੇ,ਪੂਰੇ ਪਰਿਵਾਰ ਦੀ
ਕਿਲ੍ਹੇ ਵਿੱਚ ਬੈਠੀ ਦਾਦੀ,ਪੋਤਿਆਂ ਨੂੰ ਨਿਹਾਰਦੀ।

ਅਜੀਤ ਤੇ ਜੁਝਾਰ ਦੋਵੇਂ, ਵੱਡੇ ਸਾਹਿਬਜ਼ਾਦੇ ਨੇ
ਜੋਰਾਵਰ ਤੇ ਫਤਿਹ ਸਿੰਘ,ਦਲੇਰ ਬੇ ਹਿਸਾਬੇ ਨੇ।

ਹੱਸਦਾ ਵਸਦਾ ਸੀ ਪਰਿਵਾਰ ਸਾਰਾ, ਅਨੰਦਪੁਰ ਵਾਸ ਸੀ
ਗੁਰਾਂ ਦੀ ਸੱਚੀ ਸੋਭਾ, ਨਾ ਆਈ ਮੁਗਲਾਂ ਨੂੰ ਰਾਸ ਸੀ।

ਖਾਲੀ ਕਿਲ੍ਹੇ ਨੂੰ ਕਰਾਉਣ ਲਈ,ਝੂਠੀਆਂ ਕਸਮਾਂ ਉਹਨਾਂ ਖਾ ਲਈਆਂ
ਸਿੰਘਾਂ ਦੀ ਫਰਿਆਦ ਸੁਣ, ਗੁਰਾਂ ਤਲਵਾਰਾਂ ਮਿਆਨ ਵਿੱਚ ਪਾ ਲਈਆਂ।

ਸਾਰੀ ਸੋਚ ਵਿਚਾਰ ਪਿੱਛੋਂ, ਕਿਲ੍ਹਾ ਛੱਡ ਦਿੱਤਾ ਦਸ਼ਮੇਸ਼ ਨੇ
ਸਰਸਾ ਦੇ ਵੱਲ ਆ ਗਏ, ਬਾਦਸ਼ਾਹ ਦਰਵੇਸ਼ ਨੇ।

ਸਰਸਾ ਦਾ ਪਾਣੀ ਅੱਜ,ਸੀ ਨੱਕੋ ਨੱਕ ਚੜ੍ਹਿਆ
ਪਰਿਵਾਰ ਵਿਛੋੜੇ ਦਾ ਇਹ ਸਮਾਂ, ਜਾਂਦਾ ਸੌਖਾ ਨਹੀਂਓ ਪੜ੍ਹਿਆ।

ਚਮਕੌਰ ਦੀ ਗੜ੍ਹੀ ਆ ਕੇ,ਘੇਰਾ ਮੁਗਲਾਂ ਨੇ ਪਾ ਲਿਆ
ਗਹਿਗੱਚ ਲੜਾਈ ਵਿੱਚ, ਉਹਨਾਂ ਜ਼ੋਰ ਸਾਰਾ ਲਾ ਲਿਆ।

ਅਜੀਤ ਦੇ ਜੁਝਾਰ ਦੋਵੇਂ,ਭਾਰੀ ਮੁਗਲਾਂ ਤੇ ਪਏ ਨੇ
ਜ਼ੁਲਮ ਦੇ ਖਿਲਾਫ਼ ਲੜਨ ਲਈ, ਲੈ ਆਸ਼ੀਰਵਾਦ ਗਏ ਨੇ।

ਮੁਗਲਾਂ ਨਾਲ ਲੜਦੇ ਹੋਏ, ਸ਼ਹੀਦੀ ਦੋਵੇਂ ਪਾ ਚੱਲੇ
ਪਿਤਾ ਦਾ ਲੈ ਆਸ਼ੀਰਵਾਦ, ਦਾਦੇ ਵਾਲੇ ਰਾਹ ਚੱਲੇ।

ਛੋਟੇ ਸਾਹਿਬਜ਼ਾਦੇ ਦੋਵੇਂ,ਮਾਤਾ ਗੁਜਰੀ ਦੇ ਨਾਲ ਨੇ
ਕਰਵਾ ਦਿੱਤਾ ਗ੍ਰਿਫ਼ਤਾਰ ਉਹਨਾਂ ਨੂੰ,ਗੰਗੂ ਬੇਈਮਾਨ ਨੇ।

ਨਿੱਕੀਆਂ ਨੇ ਜਿੰਦਾਂ ਭਾਵੇਂ,ਪਰ ਹੌਂਸਲੇ ਬੁਲੰਦ ਨੇ
ਖੜੇ ਕੀਤੇ ਕਚਹਿਰੀ ਵਿੱਚ,ਸੂਬਾ ਸਰਹੰਦ ਨੇ।

ਪੇਸ਼ ਨਾ ਕੋਈ ਚੱਲੇ, ਸੂਬੇ ਦੇ ਵਜ਼ੀਰ ਦੀ
ਪਰ ਮੇਟ ਨਾ ਸਕੇ ਕੋਈ,ਲਿਖੀ ਹੋਣੀ ਤਕਦੀਰ ਦੀ।

ਕਾਜ਼ੀ ਨੇ ਵੀ ਲਿਖ,ਫਤਵਾ ਸੁਣਾ ਦਿੱਤਾ
ਛੋਟੇ ਸਾਹਿਬਜ਼ਾਦਿਆਂ ਨੂੰ ਉਹਨਾਂ, ਨੀਹਾਂ ਵਿੱਚ ਚਿਣਵਾ ਦਿੱਤਾ।

ਸਾਕਾ ਸੁਣ ਕੇ ਸ਼ਹੀਦੀ ਵਾਲਾ, ਪੂਰੇ ਪਰਿਵਾਰ ਦਾ
ਅੱਖ ਭਰ ਆਉਂਦੀ ਧਰਮਿੰਦਰਾ,ਸਾਕਾ ਜੋ ਵੀ ਵਿਚਾਰ ਦਾ।

## ਬੀਬੀ ਸ਼ਰਨ ਕੌਰ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ;ਛੜੇ ਸੱਜਣ ਦੀ ਬਰਸੀ ਤੇ ਵਿਸ਼ੇਸ਼

ਵਰਲਡ ਪੰਜਾਬੀ ਟਾਈਮਜ਼
ਗੁਰਦੀਪ ਸਿੰਘ ਜਗਬੀਰ ( ਡਾ.)



24 ਦਸੰਬਰ 1705 ਦੀ ਚਾਨਣੀ ਅਤੇ ਠੰਡੀ ਰਾਤ ਨੂੰ ਸ਼ਹੀਦ ਬੀਬੀ ਸ਼ਰਨ ਕੌਰ ਜੀ ਨੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਦੋ ਸਾਹਿਬਜ਼ਾਦਾ ਸਾਹਿਬਾਨਾਂ ਤਿੰਨ ਪਿਆਰਿਆਂ ਅਤੇ ਸ਼ਹੀਦ ਹੋਏ ਸਿੰਘਾਂ ਦੀਆਂ ਮ੍ਰਿਤਕ ਦੇਹੀਆਂ ਦਾ ਸਸਕਾਰ ਕੀਤਾ।
ਗੁਰਦੀਪ ਸਿੰਘ ਜਗਬੀਰ ( ਡਾ.)
ਸਿੱਖ ਇਤਿਹਾਸ ਦੇ ਵਿੱਚ ਬੀਬੀ ਸ਼ਰਨ ਕੌਰ ਉਹ ਸੂਰਬੀਰ ਸ਼ਹੀਦ ਸਿੰਘਣੀ ਹੋਈ ਹੈ ਜਿਸ ਨੇ ਚਮਕੌਰ ਸਾਹਿਬ ਦੀ ਜੰਗ ਵਿੱਚ, ਸ਼ਹੀਦ ਹੋਏ ਵੱਡੇ ਸਾਹਿਬਜ਼ਾਦਾ ਸਾਹਿਬਾਨ, ਪੰਜ ਪਿਆਰਿਆਂ ਦੇ ਵਿੱਚੋਂ ਤਿੰਨ ਪਿਆਰੇ ਅਤੇ ਬਾਕੀ ਦੇ ਸਿੰਘਾਂ ਦਾ ਆਪਣੇ ਹੱਥੀ ਸਸਕਾਰ ਕੀਤਾ।
ਉਸ ਰਾਤ ਸੂਰਜ ਦੇ ਬੁਰਕਾ ਪਾ ਕੇ ਛੁੱਪ ਜਾਣ ਅਤੇ ਫਿਰ ਰਾਤ ਦੇ ਬਾਦਸ਼ਾਹ ਚੰਨ ਦੇ ਚੜ ਜਾਣ ਦਾ ਜ਼ਿਕਰ ਸਤਿਗੁਰਾਂ ਜੀ ਨੇ ਜਫਰਨਾਮੇ ਦੇ ਵਿੱਚ ਲਿਖੇ ਆਪਣੇ ਇਸ ਸ਼ੇਅਰ ਦੇ ਵਿੱਚ ਕੀਤਾ ਹੈ:
ਚਿਰਾਗਿ ਜਹਾਂ ਚੁ ਸ਼ੁੱਧ ਬੁਰਕਾ ਪੋਸ਼
ਸ਼ਾਹਿ ਸ਼ਬ ਬਰਾਮਦ ਹਮਾਂ ਜਲਵਾ ਜੋਸ਼।।
ਸਤਿਗੁਰੂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਵਲੋਂ ਜ਼ਫ਼ਰਨਮੇ ਵਿੱਚ ਲਿਖਿਆ ਇਹ ਮੁਬਾਰਕ ਸ਼ੇਰ ਉਸ ਰਾਤ ਦੀ ਦਾਸਤਾਂ ਸੁਣਾਉਂਦਾ ਹੈ ਜਦੋਂ 24 ਦਸੰਬਰ 1704 ਨੂੰ, ਰਾਤ ਪੈ ਗਈ ਅਤੇ ਦੋਨੋਂ ਹੀ ਵੱਡੇ ਸਾਹਿਬਜ਼ਾਦਾ ਸਾਹਿਬਾਨਾਂ ਦੇ ਨਾਲੋ ਨਾਲ ਗੜ੍ਹੀ ਦੇ ਵਿੱਚ ਮੌਜੂਦ 29 ਸ਼ਹੀਦ ਹੋ ਗਏ।
ਸਤਿਗੁਰੂ ਜੀ ਨੇ ਜੰਗ ਦੀ ਸਮਾਪਤੀ ਤੋਂ ਬਾਅਦ ਸੋਦਰ ਦੀ ਚੌਂਕੀ ਭਰੀ ਅਤੇ ਫੇਰ ਚਾਰ ਖ਼ਤ ਲਿਖੇ ਜੋ ਚਾਰ ਤੀਰਾਂ ਵਿੱਚ ਪਰੋਏ ਅਤੇ ਮੁਗਲ ਖ਼ੇਮੇ ਵੱਲ ਦਾਗੇ।ਪਹਿਲਾ ਤੀਰ ਖੁਆਜਾ ਮਰਦੂਦ ਮੁਹੰਮਦ ਅਲੀ ਵੱਲ ਦਾਗਿਆ ਜੋ ਉਸ ਦੀ ਪੇਟੀ ਵਿੱਚ ਲਗਾ। ਇਸ ਖ਼ਤ ਉੱਪਰ ਲਿਖਿਆ ਸੀ, ਕਸਮ ਉੱਠਾ ਕੇ ਉਸਤੋਂ ਫਿਰ ਜਾਣਾ, ਦੀਨ ਦੁਨੀਆਂ ਤੋਂ ਜਾਣਾ ਹੈ ਸੋ ਅੱਜ ਤੂੰ ਦੀਨ ਦੁਨੀਆਂ ਦੋਵੇਂ ਗਵਾ ਲਏ।ਦੂਜਾ ਤੀਰ ਵਜੀਦ ਖ਼ਾਨ ਦੇ ਘੋੜੇ ਕੌਲ ਡਿੱਗਾ, ਜਿਸ ਉਪਰ ਲਿਖਿਆ ਸੀ,ਕਸਮ ਚੁੱਕਣ ਤੋਂ ਬਾਅਦ ਜਿਹੜਾ ਬੇਇਮਾਨ ਹੁੰਦਾ ਹੈ ਉਹ ਦੋਜ਼ਖ਼ ਦੀ ਅੱਗ ਵਿੱਚ ਸੜਦਾ ਹੈ ਅਤੇ ਜੋ ਯਕੀਨ ਰੱਖਦਾ ਹੈ ਉਹ ਉੱਚਾ ਉਠ ਜਾਂਦਾ ਹੈ। ਤੀਜਾ ਖਤ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖ਼ਾਨ ਵੱਲ ਘੱਲਿਆ,ਜਿਸ ਉਪਰ ਲਿਖਿਆ ਸੀ, ਪਾਕਿ ਕੁਰਾਨ ਦੀ ਸੌਂਹ ਚੁੱਕ ਕੇ ਮੁੱਕਰ ਜਾਣ ਵਾਲਾ ਦੋਜ਼ਖ਼ ਵਿੱਚ ਸੜਦਾ ਹੈ।ਚੌਥਾ ਅਤੇ ਆਖ਼ਰੀ ਤੀਰ ਸਤਿਗੁਰੂ ਜੀ ਨੇ ਅਜਮੇਰ ਚੰਦ ਦੇ ਵੱਲ ਮਾਰਿਆ ਜੋ ਉਸਦੀ ਲੱਤ ਵਿੱਚ ਲਗਿਆ, ਜਿਸ ਉਪਰ ਲਿਖਿਆ ਸੀ, ਜਿੰਦਗੀ ਵਿੱਚ ਤੈਨੂੰ ਕਦੇ ਵੀ ਚੈਨ ਨਹੀਂ ਪਵੇ ਗਾ।
ਇਸ ਤੋਂ ਬਾਅਦ ਸਤਿਗੁਰੂ ਜੀ ਨੇ ਬਚੇ ਹੋਏ ਬਾਕੀ ਦੇ ਦਸ ਸਿੰਘਾਂ ਨੂੰ ਪਾਸ ਬੁਲਾਇਆ ਅਤੇ ਇਹ ਫ਼ੈਸਲਾ ਸੁਣਾਇਆ ਕੇ ਕਲ 23 ਦਸੰਬਰ ਦੀ ਸਵੇਰ ਜੰਗ ਦਾ ਧੌਂਸਾ ਵਜਦੇ ਹੀ ਪਹਿਲਾ ਜੱਥਾ ਅਸੀ ਖੁਦ ਲੈਕੇ ਜਾਂਵਾ ਗੇ।
ਸਤਿਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਦੇਂਦੇ ਹੋਏ ਕਿਹਾ ਕਿ ਚਾਰ ਔਟ ਆਸਰੇ ਜਿਸ ਦੇ ਨਾਲ ਹੁੰਦੇ ਹਨ ਉਹ ਆਪਣੇ ਇਮਾਨ ਅਤੇ ਦੀਨ'ਤੇ ਹਮੇਸ਼ਾਂ ਕਾਇਮ ਰਹਿੰਦਾ ਹੈ ਸੋ ਤੁਸੀ ਚਾਰ ਔਟ ਆਸਰਇਆਂ ਤੇ ਪੂਰਣ ਭਰੋਸਾ ਰੱਖਣਾ। ਪਹਿਲੀ ਔਟ ਇਕ ਅਕਾਲ ਪੁਰਖ ਦੀ ਹੈ।ਦੂਸਰੀ ਔਟ ਸਤਿਗੁਰੂ ਜੀ ਦੀ, ਤੀਜੀ ਔਟ ਸਾਧ ਸੰਗਤ ਦੀ ਹੈ ਅਤੇ ਚੌਥੀ ਔਟ ਆਪਣੇ ਸਵੈਮਾਣ ਦੀ ਹੈ।ਸੋ ਡਟੇ ਰਹਿਣ ਦਾ ਸੁਨੇਹਾ ਦੇ ਕੇ ਸਤਿਗੁਰੂ ਜੀ ਨੇ ਆਪਣੇ ਕੱਲ ਦੇ ਜਥੇ ਦੇ ਲਜਾਣ ਦੇ ਪੈਗ਼ਾਮ ਨੂੰ ਦੂਹਰਾ ਕੇ ਸਿੰਘਾਂ ਨੂੰ ਸਵੇਰੇ ਦੀਆਂ ਜੂਝਣ ਦੀਆਂ ਤਿਆਰੀਆਂ ਕਰਣ ਦਾ ਹੁਕਮ ਦੇ ਦਿੱਤਾ। ਸਤਿਗੁਰੂ ਜੀ ਦਾ ਇਹ ਹੁਕਮ ਅਟੱਲ ਸੀ।
ਸਿੰਘਾਂ ਨੇ ਸਤਿਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ। ਜੋ ਸਾਹਿਬੇ ਕਮਾਲ ਗੁਰੂ ਜੀ ਨੇ ਕਬੂਲ ਨਹੀਂ ਕੀਤੀ ਅਤੇ ਮੀਟਿੰਗ ਬਰਖਾਸਤ ਕਰ ਦਿੱਤੀ ਗਈ।
ਸਿੰਘਾਂ ਨੇ ਗੁਰਮਤਾ ਕੀਤਾ ਕੇ ਇਸ ਤੋਂ ਵੱਧ ਹੋਰ ਔਖੀ ਘਾਟੀ ਅਤੇ ਬਿਖੜਾ ਪੈਂਡਾ ਹੋਰ ਕੀ ਹੋਵੇ ਗਾ। ਇਹ ਔਖਾ ਪੈਂਡਾ ਅਸੀਂ ਹੁਣ ਕੌਮੀ ਭਾਵਨਾ ਦੇ ਨਾਲ ਤੈਅ ਕਰਣਾ ਹੈ ਅਤੇ ਇਸ ਵਕਤ ਸਤਿਗੁਰੂ ਜੀ ਦੀ ਸ਼ਹਾਦਤ ਬੇਸ਼ਕ ਬਹੁਤ ਮਹਾਨ ਹੋਵੇ ਗੀ ਪਰ ਇਹ ਬੇਵਕਤ ਸ਼ਾਹਦਤ ਕੌਮ ਦੇ ਲਈ ਸੱਟ ਵੀ ਸਾਬਤ ਹੋਵੇ ਗੀ । ਕੌਮ ਇਸ ਬਿਖੜੇ ਪੈਂਡੇ ਵਿੱਚ ਉਲਜ ਕੇ ਰਹਿ ਜਾਵੇ ਗੀ।ਅਤੇ ਜੇ ਇਸ ਵਕਤ ਸਤਿਗੁਰੂ ਜੀ ਦੀ ਜਿਸਮਾਨੀ ਹੋਂਦ ਬਰਕਰਾਰ ਰਹਿੰਦੀ ਹੈ ਤਾਂ ਕੌਮ ਨੂੰ ਅਗਲੀ ਮੁਬਾਰਕ ਸੇਧ ਮਿਲੇ ਗੀ।ਕੌਮ ਮੁੜ ਸੁਰਜੀਤ ਹੋ ਉੱਠੇ ਗੀ।
ਗੜ੍ਹੀ ਵਿੱਚ ਇਸ ਵਕਤ ਦਸ ਸਿੰਘ ਬਚੇ ਸਨ। ਇਨ੍ਹਾਂ ਦਸਾਂ ਨੇ ਆਪਣੇ ਵਿਚੋਂ ਪੰਜ ਸਿੰਘ, ਪੰਜ ਪਿਆਰਿਆਂ ਵਜੋਂ ਚੁਣ ਲਏ। ਭਾਈ ਦਿਆ ਸਿੰਘ ਜੀ ਦੀ ਅਗਵਾਹੀ ਹੇਠ ਇਹ ਫੈਸਲਾ ਹੋਇਆ ਕਿ ਸਾਡੀ ਕੌਮ ਵਿੱਚ ਪੰਜ ਪਿਆਰਿਆਂ ਦਾ ਰੁਤਬਾ ਬਹੁਤ ਮਹਾਨ ਹੈ ਅਤੇ ਇਹ ਮਹਾਨਤਾ ਇਸ ਲਈ ਹੈ ਕਿਉਂਕਿ ਇਨ੍ਹਾਂ ਪੰਜ ਪਿਆਰਿਆਂ ਪਾਸੋਂ ਸਤਿਗੁਰੂ ਜੀ ਨੇ ਖੁਦ ਅੰਮ੍ਰਿਤ ਦੀ ਦਾਤ ਮੰਗੀ ਸੀ।ਅਤੇ ਸਤਿਗੁਰੂ ਜੀ ਨੇ ਆਪੇ ਗੁਰੂ ਚੇਲਾ ਹੋਣ ਦਾ ਮਾਣ ਹਾਸਿਲ ਕੀਤਾ ਸੀ।
ਰਾਤ ਕਾਫੀ ਗਹਿਰੀ ਹੋ ਚਲੀ ਸੀ,ਪੰਜ ਸਿੰਘ ਸਾਹਿਬ ਪਾਤਸ਼ਾਹ ਜੀ ਦੇ ਪਾਸ ਪੁੱਜੇ ਅਤੇ ਫਤਹਿ ਬੁਲਾਈ।ਪਾਤਸ਼ਾਹ ਦੇ ਬਚਨ ਸਨ ਬਿਸ੍ਰਾਮ ਕਰੋ ਭਾਈ ਸਵੇਰੇ ਜੂਝਣ ਜਾਣਾ ਹੈ। ਅੱਗੋਂ ਸਿੰਘਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਗੜ੍ਹੀ ਛੱਡ ਜਾਣ ਦਾ ਹੁਕਮ ਸੁਣਾਉਣ ਆਏ ਹਾਂ। ਕੈਸਾ ਕਮਾਲ ਦਾ ਸਿਧਾਂਤਕ ਅਮਲ ਹੈ ਇਕੱਲੇ ਇਕੱਲੇ ਫਰਆਦੀ ਅੱਜ ਪੰਜ ਮਿਲ਼ ਕੇ ਗੁਰੂ ਨੂੰ ਹੁਕਮ ਦੇਣ ਦੇ ਕਾਬਲ ਹੋ ਗਏ ਸਨ।
ਸਤਿਗੁਰੂ ਜੀ ਨੇ ਪੰਜਾਂ ਦੇ ਅੱਗੇ ਸੀਸ ਝੁਕਾ ਦਿੱਤਾ ਅਤੇ ਗੜ੍ਹੀ ਛੱਡ ਜਾਣਾ ਪ੍ਰਵਾਨ ਕਰ ਲਿਆ। ਪਰ ਸਤਿਗੁਰੂ ਜੀ ਨੇ ਕਿਹਾ ਕੇ ਉਹ ਚੁੱਪ ਚਪੀਤੇ ਨਹੀਂ ਸਗੋਂ ਇੱਕ ਵਾਂਗਰ ਦੇ ਨਾਲ ਗੜ੍ਹੀ ਛੱਡਣ ਗੇ। ਫੈਸਲਾ ਇਹ ਹੋਇਆ ਕਿ ਤਿੰਨ ਸਿੰਘ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਤਿਗੁਰੂ ਜੀ ਦੇ ਨਾਲ ਗੜ੍ਹੀ ਵਿਚੋਂ ਨਿਕਲਣ ਗੇ ਅਤੇ ਬਾਕੀ ਦੇ ਦਸ ਸਿੰਘ ਗੜ੍ਹੀ ਵਿੱਚ ਹੀ ਰਹਿਣ ਗੇ।ਬਾਕੀ ਦੇ ਸੱਤ ਸਿੰਘਾਂ ਦੇ ਨਾਮ ਹਨ, ਭਾਈ ਸੰਗਤ ਸਿੰਘ, ਭਾਈ ਕਿਹਰ ਸਿੰਘ,ਭਾਈ ਸੰਤੋਖ ਸਿੰਘ, ਭਾਈ ਦੇਵਾ ਸਿੰਘ, ਭਾਈ ਰਾਮ ਸਿੰਘ, ਭਾਈ ਜੀਵਨ ਸਿੰਘ ਅਤੇ ਭਾਈ ਲਧਾ ਸਿੰਘ।
ਸਤਿਗੁਰੂ ਜੀ ਨੇ ਭਾਈ ਸੰਗਤ ਸਿੰਘ ਜੀ ਦੇ ਸੀਸ ਤੇ ਆਪਣੀ ਕਲਗੀ ਸਜਾ ਦਿੱਤੀ ਅਤੇ ਉਨ੍ਹਾਂ ਨੂੰ ਮਮਟੀ ਵਿੱਚ ਚਲੇ ਜਾਣ ਦੇ ਲਈ ਕਿਹਾ ਤਾਂਜੋ ਦੁਸ਼ਮਣ ਵਿੱਚ ਭੁਲੇਖਾ ਬਣਿਆ ਰਹੇ।
ਅੱਧੀ ਰਾਤ ਦਾ ਦੋ ਪਹਿਰ ਹੋ ਚਲਿਆ ਸੀ।ਸਤਿਗੁਰੂ ਜੀ ਨੇ ਬੁਰਜ ਉਪਰ ਖਲੋ ਕੇ ਨਰਸਿੰਘਾ ਵਜਾਇਆ ਇਸ ਦਾ ਮਤਲਬ ਸੀ ਕਿ ਗੜ੍ਹੀ ਦੇ ਵਿਚੋਂ ਹਮਲਾ ਹੋਣ ਵਾਲਾ ਹੈ।ਫੇਰ ਸਤਿਗੁਰੂ ਜੀ ਗੜ੍ਹੀ ਦੇ ਵਿਚੋਂ ਬਾਹਰ ਨਿਕਲੇ ਅਤੇ ਉੱਚੀ ਪੁਕਾਰ ਦੇ ਨਾਲ ਕਿਹਾ " ਪੀਰ ਏ ਹਿੰਦ ਮੇ ਰਵਦ" ਭਾਵ ਹਿੰਦ ਦਾ ਪੀਰ ਰਵਾਨਾ ਹੋ ਰਿਹਾ ਹੈ। ਮੁਗ਼ਲ ਫੌਜਾਂ ਦੇ ਵਿਚਾਲੇ ਖਲਬਲੀ ਮਚ ਗਈ। ਸਤਿਗੁਰੂ ਜੀ ਰਾਤੋਂ ਰਾਤ ਚਲਦੇ ਕਾਫੀ ਦੂਰ ਨਿਕਲ ਗਏ ਅਤੇ ਇਸ ਵਕਤ ਤਿੰਨੇ ਸਿੰਘ ਵੀ ਅਲਗ ਹੋ ਗਏ।
ਉਧਰ ਵਜ਼ੀਰ ਖਾਨ ਨੇ ਥੋੜੀ ਦੇਰ ਬਾਅਦ ਦੇਖਿਆ ਕਿ ਗੜ੍ਹੀ ਦੇ ਵਿਚੋਂ ਹੁਣ ਕੋਈ ਹਲਚਲ ਨਹੀਂ ਹੋ ਰਹੀ ਸੋ ਉਸ ਨੇ ਸਵੇਰੇ ਤੱੜਕ ਸਾਰ ਹੀ ਹਮਲਾ ਕਰਣ ਦੇ ਲਈ ਆਪਣੀਆਂ ਫ਼ੌਜਾਂ ਨੂੰ ਹੁਕਮ ਦਿੱਤਾ।
24 ਦਸੰਬਰ 1704 ਵਾਲੇ ਦਿਨ ਸਵੇਰੇ ਤੱੜਕ ਸਾਰ ਗੜ੍ਹੀ ਉਪਰ ਹਮਲੇ ਦੇ ਦੌਰਾਨ ਭਾਈ ਸੰਗਤ ਸਿੰਘ ਜੀ ਦੀ ਅਗਵਾਹੀ ਹੇਠ ਸਤੋ ਸਿੰਘ ਬਾਹਰ ਨਿਕਲ ਆਏ ਅਤੇ ਜੂਝਦੇ ਹੋਏ ਸ਼ਹੀਦ ਹੋ ਗਏ।
ਹੁਣ ਗੱਲ ਕਰਦੇ ਹਾਂ ਬੀਬੀ ਸ਼ਰਨ ਕੌਰ ਦੀ, ਇਸ ਸ਼ਹੀਦ ਬੀਬੀ ਦੇ ਪਿਛੋਕੜ ਬਾਰੇ ਕੁਝ ਖਾਸ ਪਤਾ ਨਹੀਂ ਲਗਾਇਆ ਜਾ ਸਕਿਆ। ਚਮਕੌਰ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦੇ ਵਿੱਚ ਇੱਕ ਭਾਈ ਪ੍ਰੀਤਮ ਸਿੰਘ ਜੀ ਸਨ ਇਹ ਬੀਬੀ ਸ਼ਰਨ ਕੌਰ ਉਨ੍ਹਾਂ ਦੀ ਪਤਨੀ ਸੀ।ਬੀਬੀ ਸ਼ਰਨ ਕੌਰ ਪਿੰਡ ਰਾਏਪੁਰ ਦੀ ਰਹਿਣ ਵਾਲੀ ਦਸੀ ਜਾਂਦੀ ਹੈ,ਜਿਥੇ ਸੈਣੀ ਆਬਾਦੀ ਬਹੁਤਾਤ ਵਿੱਚ ਹੈ ਅਤੇ ਇਕ ਸੈਣੀ ਪ੍ਰੀਵਾਰ ਦੇ ਪਾਬਲਾ ਪ੍ਰੀਵਾਰ ਵਿਚੋਂ ਦਸੀ ਜਾਂਦੀ ਹੈ। ਬੀਬੀ ਸ਼ਰਨ ਕੌਰ ਦਾ ਨਾਂ ਇਤਿਹਾਸ ਦੇ ਵਿੱਚ ਹਰਸ਼ਰਨ ਕੌਰ ਵੀ ਲਿਖਿਆ ਮਿਲਦਾ ਹੈ। ਇਸ ਬੀਬੀ ਦਾ ਸੰਬਧ ਫੂਲਕਿਆਂ ਦੇ ਸਰਦਾਰ ਨਾਨੂ ਸਿੰਘ ਸੈਣੀ, ਨਾਲ ਵੀ ਦੱਸਿਆ ਜਾਂਦਾ ਹੈ ਜੋਕਿ ਪਿੰਡ ਰਾਏਪੁਰ ਦੇ ਜਗੀਰਦਾਰ ਪ੍ਰੀਵਾਰ ਵਿਚੋਂ ਸੀ। ਇਸ ਪਿੰਡ ਵਿਚ ਸਿੱਖ ਸ਼ਹੀਦ, ਜੱਥੇਦਾਰ ਨੌਨਿਹਾਲ ਸਿੰਘ, ਸਰਦਾਰ ਮਸਤਾਨ ਸਿੰਘ, ਸਰਦਾਰ ਸੰਤੋਖ ਸਿੰਘ ਅਤੇ ਸਰਦਾਰ ਮਲਕੀਅਤ ਸਿੰਘ ਦੀਆਂ ਸਮਾਧਾਂ ਵੀ ਹਨ।ਸ਼ਹੀਦ ਬੀਬੀ ਸ਼ਰਨ ਕੌਰ ਪਾਬਲਾ ਦੀ ਯਾਦ ਵਿੱਚ 1945 ਵਿੱਚ ਪਿੰਡ ਰਾਏਪੁਰ ਵਿੱਖੇ ਇੱਕ ਗੁਰੂਦਵਾਰਾ ਸਾਹਿਬ ਵੀ ਉਸਾਰਿਆ ਗਿਆ ਹੈ।
ਐਸਾ ਮੰਨਿਆ ਜਾ ਸਕਦਾ ਹੈ ਕੇ ਜਿਸ ਵਕਤ ਸਿੰਘ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਗੜ੍ਹੀ ਛੱਡਣ ਬਾਰੇ ਵਿਚਾਰ ਕਰ ਰਹੇ ਹੋਣ ਗੇ। ਉਸ ਵਕਤ ਇਹ ਦਲੇਰ ਬੀਬੀ ਸ਼ਰਨ ਕੌਰ ਬਰਫੀਲੀ ਅੱਧੀ ਰਾਤ ਵੇਲੇ ਜੰਗ ਦੇ ਮੈਦਾਨ ਦੇ ਵਿੱਚ ਵਿਛੀਆਂ ਲਾਸ਼ਾਂ ਦੇ ਵਿਚਕਾਰ ਪੁੱਜੀ।
ਚਾਰੇ ਪਾਸੇ ਵਿਛੀਆਂ ਲੋਥਾਂ ਦੇ ਵਿੱਚੋਂ ਸਿੰਘਾਂ ਦੀਆਂ ਮਿਰਤਕ ਦੇਹੀਆਂ ਨੂੰ ਪਹਿਚਾਣਨਾ ਕੋਈ ਆਸਾਨ ਕੰਮ ਨਹੀਂ ਸੀ। ਇਹ ਦਲੇਰ ਬੀਬੀ ਸਾਰੀਆਂ ਹੀ ਲਾਸ਼ਾਂ ਨੂੰ ਉਲਟਾਅ ਪਲਟਾਅ ਕੇ ਸਿੰਘਾਂ ਦੀ ਪਹਿਚਾਣ ਕਰ ਰਹੀ ਸੀ। ਸਿੰਘਾਂ ਦੀਆਂ ਬਾਹਾਂ' ਚ ਪਾਏ ਕੜਿਆਂ ਤੋ ਪਛਾਣ ਕਰਕੇ ਇਸ ਦਲੇਰ ਬੀਬੀ ਨੇ ਸਿੰਘਾਂ ਦੀਆਂ ਮਿਰਤਕ ਦਹੀਆਂ ਨੂੰ ਇੱਕ ਬਾੜੇ ਦੇ ਵਿੱਚ ਲਿਜਾ ਕੇ ਇਕੱਠਿਆਂ ਕੀਤਾ ਅਤੇ ਅਤੇ ਅਉਂਸ ਭਰੀ ਉਸ ਠੰਡੀ ਰਾਤ ਦੇ ਵਿੱਚ ਉਹ ਸੁੱਕੀਆਂ ਲੱਕੜਾਂ ਇਕੱਠੀਆਂ ਕਰਕੇ ਲਿਆਈ ਅਤੇ ਸਮੂਹਿਕ ਸਸਕਾਰ ਕੀਤਾ। ਆਖਰ, ਆਪਣੀ ਸੂਰਮਤਾ , ਨਿਰਭੈਅਤਾ ਤੇ ਜ਼ੁਰਅਤ ਦਾ ਆਦਰਸ਼ ਬਣ ਕੇ ਸੂਰਮਗਤੀ ਨੂੰ ਪ੍ਰਾਪਤ ਕੀਤਾ।
ਜਿਸ ਵਕਤ ਇਹ ਬੀਬੀ ਮੈਦਾਨੇ ਜੰਗ ਵਿੱਚ ਆਈ ਤਾਂ ਇਸ ਦੇ ਹੱਥ ਵਿੱਚ ਇੱਕ ਮਸ਼ਾਲ ਸੀ। ਇਸੇ ਬਲਦੀ ਹੋਈ ਮਸ਼ਾਲ ਦੀ ਰੌਸ਼ਨੀ ਦੇ ਵਿੱਚ, ਜਿੱਥੇ ਇਹ ਰਾਹ ਲੱਭ ਰਹੀ ਸੀ ਉਥੇ ਜੰਗ ਦੇ ਮੈਦਾਨ ਵਿੱਚ ਚਾਰੇ ਪਾਸੇ ਵਿਛੀਆਂ ਮਿਰਤਕ ਦੇਹੀਆਂ ਨੂੰ ਉਲਟ ਪਲਟ ਕੇ ਦੇਖ ਰਹੀ ਸੀ। ਕਿਉਂਕਿ ਥਾਂ ਥਾਂ ਪਈਆਂ ਮਿਰਤਕ ਦੇਹੀਆਂ ਵਿਚੋਂ ਇਹ ਬੀਬੀ ਸਿੱਖਾਂ ਦੀਆਂ ਮ੍ਰਿਤਕ ਦੇਹਾਂ ਪਛਾਣ ਰਹੀ ਸੀ।
ਮਸ਼ਾਲ ਲੈ ਕੇ ਜੰਗ ਦੇ ਮੈਦਾਨ ਦੇ ਵਿੱਚ ਘੁੰਮਦਿਆਂ ਇਸ ਬੀਬੀ ਨੂੰ ਦੇਖਣ ਤੋਂ ਬਾਅਦ ਕੁਝ ਮੁਗਲ ਸਿਪਾਹੀ ਡਰ ਗਏ ਸਨ ਜਾਂ ਘਬਰਾ ਗਏ ਸਨ।ਉਹਨਾਂ ਦੀ ਸੋਚ ਇਥੇ ਤੱਕ ਸੀਮਿਤ ਸੀ ਕਿ ਸ਼ਾਇਦ ਇਹ ਕੋਈ ਚੁੜੈਲ ਜਾਂ ਭੂਤਨੀ ਹੈ ਜਿਹੜੀ ਜੰਗ ਦੇ ਮੈਦਾਨ ਦੇ ਵਿੱਚ ਘੁੰਮ ਰਹੀ ਹੈ। ਮੁਗਲਾਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਸੀ ਲੱਗ ਰਹੀ ਕਿ ਕੋਈ ਐਸੀ ਵੀ ਦਲੇਰ ਬੀਬੀ ਹੋ ਸਕਦੀ ਹੈ ਜਿਹੜੀ ਇਹਨਾਂ ਵਿਛੀਆਂ ਹੋਈਆਂ ਲਾਸ਼ਾਂ ਦੇ ਵਿੱਚ ਸਿੰਘਾਂ ਦੀਆਂ ਲਾਸ਼ਾਂ ਨੂੰ ਪਹਿਚਾਣ ਰਹੀ ਹੋਵੇ। ਪਹਿਲਾਂ ਤਾਂ ਇਹਨਾਂ ਮੁਗਲ ਸਿਪਾਹੀਆਂ ਦੀ ਇਸ ਦਲੇਰ ਬੀਬੀ ਦੇ ਕੋਲ ਇਸ ਸੋਚ ਦੇ ਨਾਲ ਜਾਣ ਦੀ ਹਿੰਮਤ ਨਹੀਂ ਪਈ ਹੋਵੇਗੀ ਕਿ ਸ਼ਾਇਦ ਇਹ ਕੋਈ ਪਿਸ਼ਾਚਣੀ ਹੈ ਜਾਂ ਕੋਈ ਚੁੜੇਲ?
ਇਸ ਬੀਬੀ ਨੇ ਉਨਤੀ ਸਿੱਖਾਂ ਦੀਆਂ ਮਿਰਤਕ ਦੇਹਾਂ ਲਭੀਆਂ ਅਤੇ ਉਨ੍ਹਾਂ ਨੂੰ ਘਸੀਟ ਕੇ ਨੇੜੇ ਇਕ ਵੱਡੇ ਸਾਰੇ ਵਾੜੇ ਵਿਚ ਪਹੁੰਚਾਇਆ। ਫਿਰ ਇਹ ਦੋਨੋ ਵਡੇ ਸਾਹਿਬਜ਼ਾਦਾ ਸਾਹਿਬਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਲਭ ਕੇ ਵਾੜੇ ਤਕ ਲੈ ਕੇ ਗਈ। ਉਸ ਤੋਂ ਬਾਅਦ ਜਦੋਂ ਇਹ ਹੋਰ ਸਿੰਘਾਂ ਦੇ ਸ਼ਰੀਰਾਂ ਦੀ ਭਾਲ ਕਰ ਰਹੀ ਸੀ, ਤਾਂ ਆਪਣੇ ਪਤੀ ਭਾਈ ਪ੍ਰੀਤਮ ਸਿੰਘ ਦੀ ਦੇਹ ਵੀ ਉਸ ਨੂੰ ਮਿਲ ਗਈ। ਉਸ ਨੂੰ ਵੀ ਵਾੜੇ ਵਿਚ ਪਹੁੰਚਾ ਦਿੱਤਾ ਗਿਆ। ਇਕ ਪਾਸੇ ਜਿੱਥੇ ਸਤਿਗੁਰੂ ਜੀ ਨਰਸਿੰਘਾਂ ਵਜ੍ਹਾ ਰਹੇ ਹੋਣ ਗੇ ਤਾਂ ਦੂਜੇ ਪਾਸੇ ਇਹ ਬੀਬੀ ਇੱਕਲੀ ਮਸ਼ਾਲ ਲੈਕੇ ਜੰਗ ਦੇ ਮੈਦਾਨ ਵਿੱਚ ਘੁੰਮ ਰਹੀ ਹੋਵੇ ਗੀ। ਦੂਜੇ ਪਾਸੇ ਥਕੇ-ਟੁਟੇ ਸੁੱਤੇ ਪਏ ਮੁਗਲ ਫੌਜੀਆਂ ਵਿੱਚ ਖਲਬਲੀ ਮੱਚੀ ਹੋਈ ਸੀ। ਮੁਗਲਾਂ ਨੇ ਮੈਦਾਨੇ ਜੰਗ ਵਿਚ ਇਸ ਇਕਲੀ ਬੀਬੀ ਨੂੰ ਘੁੰਮਦਿਆਂ ਵੇਖਿਆ ਤਾਂ ਉਹ ਸੋਚ ਨਹੀਂ ਸਕੇ ਕਿ ਇਹ ਹੋ ਕੀ ਰਿਹਾ ਹੈ।ਉਨ੍ਹਾਂ ਨੂੰ ਲੱਗਾ, ਕੇ ਕੋਈ ਚੁੜੇਲ ਜਾਂ ਭੂਤਨੀ ਘੁੰਮ ਰਹੀ ਹੈ ਅਤੇ ਪਹਿਲਾਂ ਉਨ੍ਹਾਂ ਨੇ ਇਸ ਬੀਬੀ ਵਲ ਕੋਈ ਧਿਆਨ ਨਹੀ ਦਿੱਤਾ।

ਇਨ੍ਹੇ ਵਿੱਚ ਬੀਬੀ ਸ਼ਰਨ ਕੌਰ ਨੇ ਵਾੜੇ ਨੂੰ ਅੱਗ ਲਗਾ ਕੇ ਸੋਹਿਲੇ ਦਾ ਪਾਠ ਸ਼ੁਰੂ ਕੀਤਾ ਅਤੇ ਸ਼ਹੀਦ ਸਿੰਘਾਂ ਦੀਆਂ ਦੇਹਾਂ ਦਾ ਸਸਕਾਰ ਕਰਨਾ ਸ਼ੁਰੂ ਕਰ ਦਿੱਤਾ। ਵਾੜੇ ਨੂੰ ਲਗੀ ਅੱਗ ਜਦੋਂ ਭਾਂਬੜ ਵਿੱਚ ਤਬਦੀਲ ਹੋ ਗਈ ਤਾਂ ਇਸ ਭਾਂਬੜ ਨੂੰ ਵੇਖ ਕੇ ਕੁਝ ਮੁਗ਼ਲ ਫੋਜੀ ਉਥੇ ਪਹੁੰਚੇ। ਉਨ੍ਹਾਂ ਦੇ ਪੁਛਣ'ਤੇ ਦਲੇਰ ਬੀਬੀ ਸ਼ਰਣ ਕੌਰ ਨੇ ਕਿਹਾ ਕਿ ਉਹ ਸ਼ਹੀਦ ਭਾਈ ਪ੍ਰੀਤਮ ਸਿੰਘ ਦੀ ਸਿੰਘਣੀ ਹੈ। ਉਨ੍ਹਾਂ ਮੁਗਲਾਂ ਨੇ ਇਸ ਬੀਬੀ ਨੂੰ ਵੀ ਜਿਊਂਦਿਆਂ ਅੱਗ ਵਿਚ ਸੁਟ ਦਿੱਤਾ। ਇਹ ਦਲੇਰ ਬੀਬੀ ਵੀ ਉਥੇ ਸੜ ਕੇ ਸ਼ਹੀਦ ਹੋ ਗਈ, ਪਰ ਇਸ ਨੇ ਜਿਸ ਦਲੇਰੀ ਅਤੇ ਨਿਡਰਤਾ ਨਾਲ, ਦੋ ਸਾਹਿਬਜ਼ਾਦਾ ਸਾਹਿਬਾਨਾਂ, ਤਿੰਨ ਪਿਆਰਿਆਂ ਅਤੇ ਆਪਣੇ ਪਤੀ ਪ੍ਰੀਤਮ ਸਿੰਘ ਦੇ ਨਾਲ ਉਨਤੀ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਅਤੇ ਆਪ ਵੀ ਸ਼ਹੀਦ ਹੋਈ, ਉਹ ਸਿੱਖ ਇਤਿਹਾਸ ਦੀ ਆਪਣੇ ਆਪ ਵਿੱਚ ਇੱਕ ਮਹਾਨ ਅਮਰ ਗਾਥਾ ਹੈ।

ਬੀਬੀ ਸ਼ਰਨ ਕੌਰ ਜੀ ਦੇ ਪਿੰਡ ਰਾਏਪੁਰ (ਖਰੁੰਡ) ਵਿੱਖੇ ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਸਥਾਪਿਤ ਹੈ ਜਿੱਥੇ ਹਰ ਸਾਲ 24 ਦਸੰਬਰ ਨੂੰ ਬੀਬੀ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।